ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ! ਵਾਹਿਗੁਰੂ ਜੀ ਕੀ ਫ਼ਤੇਹ॥

# ਗੁਰਮੁਖਿ ਗੁਰਮੁਖੀ ਬਾਲਉਪਦੇਸ਼!

## ਰਿਕਾਰਡ ਕੀਤਾ ਬਾਲਉਪਦੇਸ਼, ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!

ਸ੍ਰੀ ਦਮਦਮੀ ਟਕਸਾਲ। ਪੂਰਨ ਗੁਰੂ ਜੀ ਦਾ ਮਹਾਂ ਵਿਸਮਾਦ ਪ੍ਰਮਾਰਥ ਹੈ।
ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ ਹਰਿ॥



ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ।ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ, ਹੁਣ ਮੱਚਦਾ ੨ ਰੇਤਾ ਅਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ'ਤੇ ਖੜ੍ਹ ਰਹੇ ਹਨ।

ਲੇਖਕ ਪ੍ਰਕਾਸ਼ਕ:-
ਬ੍ਰਹਮਵਿੱਦਿਆ ਦੇ ਦਾਤੇ,ਪੰਥਰਤਨ,
ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥
ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ, ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰ ਉਪਕਾਰੀ ਚਰਨ-ਕਮਲਾਂ ਦੇ,
ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ ਸਾਧ ਜਨਾ ਕਾ ਕੀੜਾ॥
ਅਨੁਸਾਰ ਨਿੱਕੇ ਕੀੜੇ ਕ੍ਰਿਮ,ਸਭ ਦੀ ਚਰਨ-ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ, (ਮੋਗਾ) ਜਵਾਹਰ ਸਿੰਘ ਪਿੰਡ ਚਮਿੰਡੇ (ਲੁਧਿਆਣਾ) ਪੰਜਾਬ ਇੰਡੀਆ। ਅਮਰਇੰਦਰ ਸਿੰਘ, ਸੁਖਦੀਪ ਸਿੰਘ, ਜਗਨੀਤ ਸਿੰਘ।

ਵਾਹਿਗੁਰੂ॥ ਗੁਰ ਨਾਲਿ ਤੁਲਿ.ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ. ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥ ) ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥ ) ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ, ਅਵਰੁ ਨ ਕੋਇ॥) ਬੇਸੁਮਾਰ ਅਥਾਹ, ਅਗਨਤ ਅਤੋਲੈ॥ ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦਾ ਪੂਰਨ ਅਦਬ ਸਤਿਕਾਰ, ਗੁਰਬਾਣੀ ਅੰਮ੍ਰਿਤ ਅਰਥ ਕਥਾ ਕੀਰਤਨ ਸ਼ੁੱਧ ਉਚਾਰਣ ਕੋਟਿ ਬ੍ਰਹਮੰਡਾਂ ਚ ਫ਼ੈਲਣਾ ਹੈ। ਦਾਸਨ ਦਾਸ ਗੋਲੇ ਗ੍ਰੀਬ ਨੀਚ ਕੀਟ ਅਕ੍ਰਿਤਘਣ ਮਹਾਂ ਪਾਪੀ ਪੱਥਰ, ਅਪਣੇ ਮੂੰਹ ਕਾਲ਼ੇ ਕਰਕੇ,ਗਲ਼ਾਂ ਚ ਛਿੱਤ੍ਰਾਂ ਦੇ ਹਾਰ ਪਾ ਕੇ,ਸ੍ਰਬੱਤ ਦੇ ਭਲੇ ਲਈ,ਸ੍ਰਬ ਵਿਆਪੀ ਮਹਾਂ ਵਿਸਮਾਦ ਪ੍ਰੇਮ ਬੇਨਤੀਆਂ ਕਰਦੇ ਹਨ। ਪਰਮਪੂਜਨੀਕ ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ, ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦਾ, ਸ੍ਰਬ ਵਿਆਪੀ ਮਹਾਂ ਵਿਸਮਾਦ ਅਮੋਲਕ ਸ਼ੁਭ ਬਚਨ ਹੈ ਕਿ ਮੁਹਾਰਨੀ ਭਜਨ ਹੈ।ਯਥਾ:- ਗਿਰਿ ਬਸੁਧਾ. ਜਲ ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ॥ ਮਹਾਂ ਵਿਸਮਾਦ ਸ਼ੁਭ ਅਮੋਲਕ ਬਚਨ ਮੰਨਣ ਨਾਲ,ਪੂਰਨ ਗੁਰੂ ਜੀ ਦਾ ਅਟੱਲ ਸਚਾ ਗੁਰਸਿੱਖੀ ਪ੍ਰੇਮਾ-ਭਗਤੀ ਧਰਮ, ਕੋਟਿ ਬ੍ਰਹਮੰਡ ਚ ਤੁਰੰਤ ਫ਼ੈਲੇ। ਮਹਾਂ ਪਾਪਾਂ ਔਗੁਣਾਂ ਚ ਸੜ ਰਹੇ ਦੁਖੀ ਜੀਵਾਂ ਨੂੰ, ਪੂਰਨ ਸ਼ਾਂਤੀ ਗੁਰਮੁਖਿ ਜੀਵਨ, ਖਿਨ ਮਹਿ ਨੀਚ ਕੀਟ ਕਉ ਰਾਜ॥ ਪੂਰਨ ਪਿਤਾ ਵਾਹਿਗੁਰੂ ਜੀ ਦੀ ਪ੍ਰਾਪਤੀ ਹੋਵੇ ਜੀ।

ਪੂਰਨ ਗੁਰਾਂ ਨੇ ਮਹਾਂ ਵਿਸਮਾਦ ਕ੍ਰਿਪਾ ਕਰਕੇ, ਇਕੱਲੀ ੨ ਲਗ ਬੁਲਾ ਕੇ ਬਾਲਉਪਦੇਸ਼ ਸ਼ੁੱਧ ਰਿਕਾਰਡਿ ਕਰਵਾਇਆ ਹੈ। ਪਰਮ ਸਤਿਕਾਰਯੋਗ ਮਾਪੇ, ਗੁਰਮੁਖਿ ਬਾਲਉਪਦੇਸ਼ ਪ੍ਰਕਾਸ਼ ਕਰਕੇ, ਪਿਆਰੇ ਬੱਚੇ ਨਾਲ ਬੈਠਣ, ਰਿਕਾਰਡਿੰਗ ਸੁਨਣ, ਸੁਣਦਿਆਂ ਮੂਹਰੇ ਨਹੀਂ ਬੋਲਣਾ, ਬਰਾਬਰ ਨਹੀਂ ਬੋਲਣਾ, ਅਪਣੇ ਆਪ ਨੂੰ ਮੂਰਖ ਗੁਰਸੇਵਕ ਸਮਝ ਕੇ, ਮਗਰ ਬੋਲਣਾ,ਜਿਤਨੇ ਅੱਖਰ ਸੁਨਣੇ, ਮੂੰਹ ਚ ਜ਼ਬਾਨ ਹਿਲਾਉਣੀ ਪਿਆਰੇ ਜੀ, ਘਰੇ ਹੀ ਗੁਰਮੁਖੀ ਸਿੱਖੋ ਬੱਚਿਆਂ ਨੂੰ ਸਿਖਾਉ ਜੀ। ਪਲਾਸਟਿਕ ਦੇ ੳ ਅ ਪੈਂਤੀ ਅੱਖਰ ਘਰੇ ਲਾਉ, ਪਿਆਰੇ ਬੱਚੇ ਦਾ ਅਭਿਆਸ ਕਰਾਉ। ਬਾਲਉਪਦੇਸ਼ ਰਿਕਾਰਡਿੰਗ ਚੌਵੀ ਘੰਟੇ ਘਰੇ ਲਾਉ। ਜਾਗਦੇ ਸੁੱਤੇ ਬੱਚਿਆਂ ਨੂੰ ਸੁਣਾਉ ਜੀ ਪਿਆਰੇ, ਬੱਚਾ ਉਦਰ ਚ ਹੋਵੇ, ਮਾਤਾ ਜੀ ਬਾਲਉਦੇਸ਼ ਸੁਨਣ, ਇਹ ਭਜਨ ਹੈ, ਇਸ ਦੁਆਰਾ ਗੁਰਬਾਣੀ ਸ਼ੁੱਧ ਉਚਾਰਨ, ਅਰਥ ਪ੍ਰਾਪਤ ਕਰਕੇ ਜੀਵਨ ਗੁਰਮੁਖਿ ਬਣੇਗਾ ਅਤੇ ਪੂਰਨ ਗੁਰੂ ਜੀ ਦਾ ਮਹਾਂ ਵਿਸਮਾਦ ਸਰਬੱਤ ਦੇ ਭਲੇ ਦਾ, ਨਾਮ ਜਪਣ ਜਪਾਉਣ ਦਾ ਅਟੱਲ ਧਰਮ ਖੰਡ ਬ੍ਰਹਮੰਡ ਅੰਦਰ ਫ਼ੈਲੇਗਾ ਜੀ ਪਿਆਰੇ। ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਪਰਮ ਸਤਿਕਾਰ ਨੂੰ ਮੁੱਖ ਰੱਖ ਕੇ ਜੀਵਨ ਗੁਰਮੁਖ ਬਨਾਉਣ ਲਈ ਸਾਰੇ ਸੰਸਾਰ ਤੇ ਸਿੱਖੀ ਫ਼ੈਲਾਉਣ ਲਈ, ਸਰਬੱਤ ਦੇ ਭਲੇ ਲਈ, ਪੂਰਨ ਵਾਹਿਗੁਰੂ ਜੀ ਦੀ ਪ੍ਰਾਪਤੀ ਲਈ, ਇਕੱਲੀ ੨ ਲਗ ਬੋਲ ਕੇ ਕੀਤੀ ਬਾਲਉਪਦੇਸ਼ ਦੀ ਸ਼ੁੱਧ ਰਿਕਾਰਡਿੰਗ ਲਾ ਕੇ, ਘਰ ੨ ਅਖੰਡ ਜਾਪ ਰੱਖ ਕੇ, ਗੁਰਮੁਖਿ ਬਾਲਉਪਦੇਸ਼ ਪ੍ਰਕਾਸ਼ ਕਰਕੇ, ਵਾਰੋ ਵਾਰੀ ਰੌਲਾਂ ਲਾ

ਕੇ, ਪੂਰੇ ਧਿਆਨ ਨਾਲ ਅੱਖਰ ਦੇਖਣੇ, ਕੰਨ ਸੁਣਨ, ਅੱਖਰ ਸੁਣ ਕੇ, ਮੂੰਹ ਚ ਮਗਰ ਬੋਲਣਾ, ਬਰਾਬਰ ਨਹੀਂ ਬੋਲਣਾ, ਮੂਹਰੇ ਨਹੀਂ ਬੋਲਣਾ, ਇਕੱਲੀ ੨ ਲਗ ਬੋਲ ਕੇ, ਸ਼ੁੱਧ ਉਚਾਰਨ ਪਕਾਉਣਾ ਜੀ। ਹਰ ਪ੍ਰੇਮੀ ਰੌਲ਼ਾਂ ਲਾ ਕੇ, ਟਾਈਮ ਨੋਟ ਕਰੇ, ਘੱਟ ਤੋਂ ਘੱਟ ੫੨ ਘੰਟੇ ਰੌਲਾਂ ਲਾ ਕੇ ਸ਼ੁੱਧ ਅਭਿਆਸ ਕਰੇ। ਸੰਥਾ ਕਰਨ ਕਰਾਉਣ ਵਾਲੇ, ਸੰਤ ਬਣਨ ਵਾਲੇ ਇਹ ਅਭਿਆਸ ਕਰਨ। ਸਿਆਣੇ, ਬੱਚਿਆਂ ਨੂੰ ਘਰੇ ਪੜ੍ਹਾਉਣ ਲਈ ਜ਼ਰੂਰ ਹੀ ਉੱਦਮ ਕਰਨ। ਸਾਰੇ ਸੰਸਾਰ ਤੇ, ਗੁਰਬਾਣੀ ਸ਼ੁੱਧ ਉਚਾਰਨ ਘਰ ੨ ਹੋਣ ਲੱਗੇ। ਅਪਣੇ ਅਤੇ ਬੱਚਿਆਂ ਦੇ ਜਨਮ ਸਵਾਰਨ ਲਈ, ਘਰ ੨ ਬਾਲਉਪਦੇਸ਼ ਦਾ ਅਖੰਡ ਜਾਪ ਰੱਖੋ ਜੀ। ਪਰਮਪੂਜਨੀਕ ਕਥਾ ਕੀਰਤਨ ਧਰਮ ਪ੍ਰਚਾਰ ਕਰਨ ਵਾਲੇ ਗੁਰਮੁਖਿ ਜਨ ਸ਼ੁੱਧ ਉਚਾਰਨ ਪਕਾ ਕੇ ਅੱਗੇ ਸ਼ੁੱਧ ਉਚਾਰਨ ਕਰੌਣ, ਪੂਰਨ ਗੁਰੂ ਜੀ ਦੀਆਂ ਖੁਸ਼ੀਆਂ ਪਾਉਣ।

## ਦਾਸਨਦਾਸਾਂ ਵੱਲੋਂ ਛਪੀਆਂ ਪਰਮਪਵਿੱਤ੍ਰ ਦਸ ਪੋਥੀਆਂ ਪ੍ਰਾਪਤ ਕਰਕੇ ਨਿਹਾਲ ਨਿਹਾਲ ਨਿਹਾਲ ਹੋਵੋ ਜੀ।

੧. ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਗੁਰ ਬੰਸਾਵਲੀ।

੨. ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।

੩. ਪਰਮਪਾਕ ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮਵਿੱਦਿਆ ਸੰਸਕਾਰ, ਅਨੰਦਕਾਰਜ ਸੰਸਕਾਰ, ਅੰਤਮ ਸੰਸਕਾਰ।

੪. ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸ਼ਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ।ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁੱਭ ਸਿੱਖਿਆ।

੫. ਆਦਿ ਗੁਰਬਾਣੀ,ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ,ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ, ਪੂਜਾ ਦਾ ਧਾਨ ਜ਼ਹਿਰ ਹੈ।

੬. ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ।

੭. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ।

੮. ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫ਼ਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯. ਪਰਮਪੂਜਨੀਕ ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁਧੀ ਲਈ ਇਨ੍ਹਾਂ ਪੋਥੀ ਸਾਹਿਬਾਨਾਂ ਦੀ ਰਿਕਾਰਡਿੰਗ ਵੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ। ਸਤਿਸੰਗਤ ਜੀ ਰਿਕਾਰਡਿੰਗ ਲਾ ਕੇ ਪੋਥੀ ਸਾਹਿਬ ਪ੍ਰਕਾਸ਼ ਕਰਕੇ ਮਗਰ-ਮਗਰ ਬੋਲਣ ਜੀ। ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸ਼ੁੱਧ ਸੰਥਾ ਕਰਨ ਤੋਂ ਪਹਿਲਾਂ, ਗੁਰਬਾਣੀ ਅਰਥਾਂ ਦਾ ਅਭਿਆਸ ਬਹੁਤ ਹੀ ਜ਼ਰੂਰੀ ਹੈ, ਇਸ ਲਈ ਸੰਥਾ ਤੋਂ ਪਹਿਲਾਂ, ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਗੁਰ ਬੰਸਾਵਲੀ ਪੋਥੀ ਪ੍ਰਕਾਸ਼ ਕਰਕੇ, ਇਸ ਪੋਥੀ ਦੀ ਐਮਪੀ ਥ੍ਰੀ ਰਿਕਾਰਡਿੰਗ ਲਾ ਕੇ, ੧੩ ਵਾਰੀ ਸੁਣੋ,ਉੱਪਰ ਲਿਖੀਆਂ ਪੋਥੀਆਂ ਨੰਬਰ ਵਾਰ ਨੰਬਰ ੨,੩,੪,੫,੬ ਹਰ ਪੋਥੀ ਦੀ ਰਿਕਾਰਡਿੰਗ ਪੰਜ ਪੰਜ ਵਾਰ ਸੁਣ ਕੇ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ ਪ੍ਰਕਾਸ਼ ਕਰਕੇ ੨੫ ਵਾਰ ਸੁਣੋ, ਘਰੇ ਬੈਠੇ ਅਭਿਆਸ ਕਰਕੇ ਸ਼ੁੱਧ ਉਚਾਰਨ ਪ੍ਰਾਪਤ ਕਰਕੇ, ਪੂਰਨ ਸਤਿਗੁਰੂ ਸਾਹਿਬ ਜੀ ਦੀ ਖੁਸ਼ੀ ਦੀਆਂ ਲੱਖਾਂ ਪਾਤਿਸ਼ਾਹੀਆਂ ਪ੍ਰਾਪਤ ਕਰਕੇ ਨਿਹਾਲ ਹੋਵੋ ਜੀ। ਗ੍ਰੀਬ ਦਾਸਨ ਦਾਸਾਂ ਵੱਲੋਂ ਛਪੀਆਂ ਪੋਥੀਆਂ ਦੀ ਰਿਕਾਰਡਿੰਗ ਐਮਪੀ-ਥ੍ਰੀ ਚ ਪਾ ਕੇ ਰਾਤ ਦਿਨੇ ਸੁਣੀ ਜਾਵੇ। ਪ੍ਰੇਮ ਬੇਨਤੀ:- ਪਰਮਪਾਕ ਪੋਥੀਆਂ ਦੀ ਰਿਕਾਰਡਿੰਗ ਘਰ ਗੱਡੀ ਖੇਤ ਚ ਹਰ ਸਮੇਂ ਲਾਈ ਜਾਵੇ, ਇਹ ਅਵਾਜ਼ ਹਰ ਸਮੇਂ ਕੰਨਾਂ ਚ ਪੈਂਦੀ ਹੀ ਰਹੇ। ਸਾਡੇ ਸ਼੍ਰੀਰ ਅੰਦਰ ਬਾਹਰ ਬੇਅੰਤ ਜੀਅ ਜੰਤ, ਗੁਰਬਾਣੀ ਸੁਣਦੇ ਹਨ, ਸੁਣਨ ਨਾਲ ਬਹੁਤ ਹੀ ਖ਼ੁਸ਼ੀ ਉਤਸ਼ਾਹਿਤ ਕਲਿਆਣ ਨੂੰ ਪ੍ਰਾਪਤ ਹੁੰਦੇ ਹਨ। ਜਾਗਦਿਆਂ ਸੁੱਤਿਆਂ ਹਰ ਵੇਲੇ ਪੋਥੀਆਂ ਸੁਣਦੇ ਹੀ ਰਹੋ ਜੀ।

**ਪੋਥੀ ਸਾਹਿਬਾਨ, ਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ Audio Player ਪ੍ਰਾਪਤੀ ਲਈ:**

ਦਾਸਨ ਦਾਸਾਂ (ਇੰਡੀਆ) **+91-896-895-6093**, (ਕੈਨੇਡਾ) **306-580-7730**
ਭਾਈ ਰਜਿੰਦਰ ਸਿੰਘ ਜੀ ਕੈਨੇਡਾ, ਫੋਨ: **905-458-7776**
ਭਾਈ ਗੁਰਚਰਨ ਸਿੰਘ ਜੀ ਕੈਨੇਡਾ, ਫੋਨ: **905-910-0460**
ਭਾਈ ਅਮਰਇੰਦਰ ਸਿੰਘ ਜੀ ਕੈਨੇਡਾ, ਫੋਨ: **647-625-2596**
ਭਾਈ ਅੰਤਰਜੋਤ ਸਿੰਘ ਜੀ ਕੈਨੇਡਾ, ਫੋਨ: **306-262-7730**
ਭਾਈ ਗੁਰਸ਼ਰਨ ਸਿੰਘ ਜੀ ਕੈਨੇਡਾ, ਫੋਨ: **403-671-7283**

ਗੁਰੂ ਸੇਵਾ ਲਈ ਭੇਟਾ ਕਰਣ ਤੇ ਤੁਹਾਨੂੰ '**CANADIAN TAX RECEIPT**' ਮਿਲੇਗੀ।
ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ
**www.Gursevak.com/content/donate** ਤੇ ਜਾ ਕੇ ਭੇਟਾ ਦਵੋ!
ਦਾਸਾਂ ਦੀ ਸੇਵਾ ਸੰਸਥਾ **DEAR FATHER BRAVE GURU GOD'S SLAVE SOCIETY** ਹੁਣ **CANADA REVENUE AGENCY** ਨਾਲ **#84017-9444-RR0001** ਹੇਠਾਂ **REGISTERED CHARITY** ਹੈ।

# ਤੱਤਕਰਾ


| ਨੰ. | ਪ੍ਰਕਰਣ | ਅੰਗ |
| --- | --- | --- |
| ੧. | ਗੁਰਮੁਖੀ ਵਰਨਮਾਲਾ(ਪੈਂਤੀ)<br>ਭੁਲਾਵੇਂ ਅੱਖਰ ਮੁਹਾਰਨੀ<br>ਲਗਾਂ ਤੇ ਲਗਾਖਰ:-<br>੧. ਮੁਕਤਾ ੨.ਕੰਨਾ ੩.ਸਿਹਾਰੀ ੪.ਬਿਹਾਰੀ ੫.ਔਂਕੜ ੬.ਦੁਲੈਂਕੜ<br>੭.ਲਾਂ ੮.ਦੁਲਾਂ ੯.ਹੋੜਾ ੧੦.ਕਨੌੜਾ | |
| ੨. | ਇਕੱਲੀ ਇਕੱਲੀ ਲਗ:-<br>ਪਰਮਪੂਜਨੀਕ ਸੱਚੇ ਪਿਤਾ ਵਾਹਿਗੁਰੂ ਜੀ ਦੇ ਅਰਥ- ਸ਼ਹੀਦੀ ਜਾਪ | |
| ੩. | ਪਰਮਪੂਜਨੀਕ ਵਾਹਿਗੁਰੂ ਮਹੱਲੇ ਦਸਵੇਂ ਜੀ ਦੀ ਅਤਿਅੰਤ ਪਿਆਰੀ ਸ਼ੁਭ ਸੰਤਾਨ | |
| ੪. | ਪਰਮਪੂਜਨੀਕ ਗੁਰਮੁਖੀ ਜੀ ਦੀ ਮਹਿਮਾ:-<br>੧.ਗੁਰਮੁਖੀ ਮਹਿਮਾ, ਮੁਕਤ ਮਾਰਗ ਗ੍ਰੰਥ ਚੋਂ<br>੨.ਸਹਸਕ੍ਰਿਤੀ ਚੰਗੀ ਹੈ ਜਾਂ ਗੁਰਮੁਖੀ?<br>੩.ਸ੍ਰੀ ਦਮਦਮੇ ਸਾਹਿਬ ਜੀ ਵਿਖੇ, ਕਲਮਾਂ ਘੜ ੨ ਕੇ ਲਿਖਣਸਰ ਸ੍ਰੋਵਰ ਚ ਸੁੱਟੀਆਂ<br>੪.ਬ੍ਰਹਮਗਿਆਨੀ ਬਾਬਾ ਮਿੱਤ ਸਿੰਘ ਜੀ<br>੫.ਪੂਰਨ ਬ੍ਰਹਮਗਿਆਨੀ ਬਾਬਾ ਮਾਧੋਦਾਸ ਜੀ | |
| ੫. | ਸਤਿਗੁਰੂ ਗੁਰਬਾਣੀ ਜੀ ਦੇ ਸਤਿਕਾਰ ਲਈ ਸੁੰਦਰ ਲਿਖਣ ਦਾ ਢੰਗ | |
| ੬. | ੧੦੧ ਵਾਰ ਬੋਲਣ ਲਈ ਮੁਹਾਰਨੀ | |
| ੭. | ਸ੍ਰੀ ਜਪੁ ਜੀ ਸਾਹਿਬ ਜੀ ੫ ਪਉੜੀਆਂ<br>੧੦ ਪਾਤਸ਼ਾਹੀ ਜੀ, ਗੁਰਬਾਣੀ ਜੀ, ਜਾਪ | |
| ੮. | ਸਾਖੀ ਪਰਉਪਕਾਰੀ ਗੁਰਮੁਖਿ ਜੀ | |
| ੯. | ਸਾਖੀ ਮਹੱਲਾ ਦਸਵਾਂ ਜੀ ਵੱਲੋਂ ਗੁਰੂ ਸੇਵਾ ਕਰਨ ਦਾ ਸ਼ੁਭ ਸੱਚਾ ਉਪਦੇਸ਼ | |
| ੧੦. | ਸੰਤਾਂ ਦੀ ਸਾਖੀ | |
| ੧੧. | ਸੰਥਾ ਕਰਨ ਕਰਾਉਣ ਲਈ ਪ੍ਰੇਮ ਬੇਨਤੀਆਂ, ਪਰਮਪੂਜਨੀਕ ਵਾਹਿਗੁਰੂ ਮਹੱਲੇ ਪਹਿਲੇ ਜੀ ਦੀ ਬਖ਼ਸ਼ੀ ਗੁਰਮੁਖੀ ਬ੍ਰਹਮਵਿੱਦਿਆ | |

| | | |
|---|---|---|
| | ਪੜ੍ਹਨ ਦੇ ਕੋਟਾਨ ਕੋਟ ਲਾਹੇ, ਪਿਆਰੇ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਸਹਜ ਸ਼ਾਂਤੀ ਪ੍ਰਾਪਤੀ। | |
| ੧੨. | ਵੈਰਾਗਮਈ ਸ਼ਹੀਦੀ ਦਾ, ਪੂਰਨ ਅਗਮ ਅਗਾਧ ਵੈਰਾਗਮਈ ਜਸ ਜਾਪ ਅਸਤੋਤ੍ਰ | |
| ੧੩. | ਬੱਚਿਆਂ ਲਈ ਸ਼ੁੱਭ ਸਿੱਖਿਆ | |
| ੧੪. | ਨ ਖਾਣ ਯੋਗ ਭੈੜੀਆਂ ਚੀਜ਼ਾਂ | |
| ੧੫. | ਅੱਖਰ ਉਚਾਰਨ ਅਸਥਾਨ | |
| ੧੬. | ਗੁਰਮੁਖੀ ਚ ਗਿਣਤੀ | |
| ੧੭. | ਗੁਰਮੁਖੀ ਚ ਰੁੱਤਾਂ ਦੇ ਨਾਮ | |
| ੧੮. | ਦਸ (ਦਿਸ਼ਾਂ) ਤਰਫ਼ਾਂ | |
| | ਤੱਤਕਰਾ ਸੰਪੂਰਨ | |

੧.  {ਗੁਰਮੁਖੀ ਵਰਨਮਾਲਾ (ਪੈਂਤੀ):-

| | | | | |
|---|---|---|---|---|
| ੳ | ਅ | ੲ | ਸ | ਹ |
| ਕ | ਖ | ਗ | ਘ | ਙ |
| ਚ | ਛ | ਜ | ਝ | ਞ |
| ਟ | ਠ | ਡ | ਢ | ਣ |
| ਤ | ਥ | ਦ | ਧ | ਨ |
| ਪ | ਫ | ਬ | ਭ | ਮ |
| ਯ | ਰ | ਲ | ਵ | ੜ |

ਸ਼  ਜ਼  ਖ਼  ਗ਼  ਫ਼  ਲ਼

{ਛੇ ਧੁਨਾਂ ਫ਼ਾਰਸੀ:- ਸ਼ ਸ਼ੱਸ਼ਾ, ਸ ਛ ਦੋਹਾਂ ਦਾ ਵਿਚਾਲਾ ਸ਼ ਦਾ ਉਚਾਰਨ ਮੂੰਹ ਦਾ ਵਿਚਾਲਾ ਹੈ, ਸ਼ੱਸ਼ਾ ਬੋਲਿਆਂ ਹਵਾ ਦਬਾ ਨਾਲ ਬਾਹਰ ਨਿਕਲਦੀ ਹੈ ਸ਼ੇਰ।) (ਖ਼ ਖ਼ਖ਼ਾ ਬਿੰਦੀ ਸਹਿਤ ਖ਼ ਉਚਾਰਨ ਸਥਾਨ ਸੰਘ ਹੈ) (ਗ਼ ਗ਼ੱਗ਼ਾ ਉਚਾਰਨ ਸਥਾਨ ਕੰਠ, ਸੰਘ) (ਜ਼ ਜ਼ੱਜ਼ਾ ਉਚਾਰਨ ਅਸਥਾਨ ਦੰਦ) (ਫ਼ ਫ਼ੱਫ਼ਾ ਉਚਾਰਨ ਮੂੰਹ, ਬੁੱਲ੍ਹ ਹਨ। ਫ਼ਾਰਸੀ, ਫ਼ ਬੋਲਣ ਲੱਗਿਆਂ ਮੂੰਹ ਚੋਂ ਤੇਜ਼ੀ ਨਾਲ ਹਵਾ ਨਿਕਲਦੀ ਹੈ, ਉਫ਼) (ਲ਼ ਲ਼ੱਲ਼ਾ, ਜੀਭ ਦੀ ਨੋਕ ਤਾਲੂ ਨਾਲ ਛੋਹਣ ਤੋਂ, ਉਚਾਰੀਦਾ ਹੈ}

{ਭੁਲਾਵੇਂ ਅੱਖਰ:- ਗ ਸ ਜ ਖ ਫ ੜ ਝ ਅ ਥ ਘ ਤ ਠ ਦ ਹ ਯ ਨ ਚ ਣ ਛ ਬ ਲ ਢ ਰ ਞ ੳ ਮ ਪ ਵ ਕ ਟ ਭ ਙ ੲ ਡ ਧ।}

੨. { ਗੁਰਪ੍ਰਸਾਦਿ ਵਾਹਿਗੁਰੂ ਸੱਚੇ ਗੁਰਬਾਣੀ ਗੁਰੂ ਜੀ ਦੇ ਸ਼ੁੱਧ ਉਚਾਰਨ ਦਾ ਸੋਹਣਾ ਸੁਖੱਲਾ ਅਮੋਲਕ ਢੰਗ:- ਪਰਮਪੂਜਨੀਕ ਨਾਮ ਰਸੀਏ ਤੱਤ ਬੇਤੇ ਮਹਾਨ ਪਰਉਪਕਾਰੀ, ਮਹਾਂਪੁਰਸ਼ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਦਾ ਅਮੋਲਕ ਬਚਨ ਹੈ ਕਿ ਮੁਹਾਰਨੀ ਭਜਨ ਹੈ। ਮੁਹਾਰਨੀ (ਮੁ) ਮੂੰਹ ਨੂੰ (ਹਾਰਨੀ) ਥਕਾਉਣੀ ਭਾਵ ਜਿਸ ਨੂੰ ਬੋਲਦਿਆਂ ੨ ਮੂੰਹ ਥੱਕ ਜਾਵੇ। ਸ਼ੁੱਧ ਮੁਹਾਰਨੀ ਦਾ ਸ਼ੁੱਧ ਅਭਿਆਸ, ਦਿਲ ਦਿਮਾਗ਼ ਚ ਪਾਣੀ ਤੇ ਚਿਕਨਾਈ ਵਾਂਗ ਅਸਰ ਕਰਦਾ ਹੈ। ਅੰਮ੍ਰਿਤ ਗੁਰਬਾਣੀ ਦਾ ਉਚਾਰਨ ਸ਼ੁੱਧ ਬਣਾ ਦਿੰਦਾ ਹੈ, ਭਾਵ ਮੁਹਾਰਨੀ ਦਾ ਖ਼ੂਬ

ਅਭਿਆਸ ਕਰਨਾ। ਚਰਨ ਚੱਟ ਕੇ ਪ੍ਰੇਮ ਬੇਨਤੀ ਹੈ ਜੀ, ਘੱਟ ਤੋਂ ਘੱਟ ੧੦੧ ਵਾਰੀਂ ਮੁਹਾਰਨੀ ਬੋਲ ਕੇ ਖ਼ੂਬ ਅਭਿਆਸ ਕਰੋ ਜੀ।}{ਵਿਆਕਰਨ ਅਨੁਸਾਰ ਹਰ ਇੱਕ ਅੱਖਰ ਦੇ ਉਚਾਰਨ ਦੇ ਨੀਯਤ ਸਮੇਂ ਨੂੰ ਲਗ ਜਾਂ ਮਾਤ੍ਰਾ ਕਹਿੰਦੇ ਹਨ।} {ਮੁਕਤਾ) (ਕੰਨਾ ਾ) (ਸਿਹਾਰੀ ਿ) (ਬਿਹਾਰੀ ੀ) (ਔਂਕੜ ੁ ) (ਦੁਲੈਂਕੜ ੂ) (ਲਾਂ ੇ) (ਦੁਲਾਂ ੈ) (ਹੋੜਾ ੋ) (ਕਨੌੜਾ ੌ) ਕੁੱਲ ਲਗਾਂ ਦਸ ਹਨ। ਇਨ੍ਹਾਂ ਦਸ ਲਗਾਂ ’ਚੋਂ (ਮੁਕਤਾ) (ਸਿਹਾਰੀ ਿ) (ਔਂਕੜ ੁ) ਤਿੰਨ ਲਗਾਂ ਲਘੂ ਭਾਵ ਛੋਟੀਆਂ ਹਨ, ਇਨ੍ਹਾਂ ਨੂੰ ਲਘੂ ਛੋਟੀਆਂ ਜਾਣ ਕੇ, ਸੰਕੋਚ ਕੇ ਹੀ ਬੋਲੋ, ਜਿਤਨੀ ਲਘੂ ਬੋਲਣੀ ਚਾਹੀਦੀ ਹੈ। ਲਘੂ ਬੋਲਣ ਲੱਗਿਆਂ ਜ਼ੋਰ ਲਾ ਕੇ ਇਤਨੀ ਛੇਤੀ ਭੀ ਨਹੀਂ ਬੋਲਣੀ, ਜਿਸ ਨਾਲ ਅੱਖਰ ਦਾ ਵਜ਼ਨ ਘਟੇ ਤੇ ਲਘੂ ਘੱਟ ਬੋਲੀ ਜਾਵੇ। ਸੋ ਲਘੂ ਬੋਲਣ ਲੱਗਿਆਂ, ਅੱਖਰ ਦਾ ਵਜ਼ਨ ਤੇ ਲਘੂ ਲਗ ਘੱਟ ਭੀ ਨਹੀਂ ਲਾਉਣੀ, ਬੋਲਣ ਲੱਗਿਆਂ ਲਘੂ ਦੀਰਘ ਤੇ ਇੱਕੋ ਜਿਹਾ ਜ਼ੋਰ ਲਾਉਣਾ ਜੀ। ਜਿੱਥੇ ੨ ਜਿਵੇਂ ੨ ਸੱਚੇ ਸਤਿਗੁਰੂ ਸਾਹਿਬ ਜੀ ਨੇ ਲਗ ਲਾਈ ਹੈ, ਉੱਥੇ ੨, ਪੂਰਨ ਸ਼ਰਧਾ ਸਤਿਕਾਰ ਖ਼ਿਆਲ ਸਹਿਤ, ਉਸੇ ਤਰ੍ਹਾਂ ਹੀ ਬੋਲਣੀ। {(ਕੰਨਾ ਾ) (ਬਿਹਾਰੀ ੀ) (ਦੁਲੈਂਕੜ ੂ) (ਲਾਂ ੇ) (ਦੁਲਾਂ ੈ) (ਹੋੜਾ ੋ) (ਕਨੌੜਾ ੌ) ਸੱਤ ਲਗਾਂ ਦੀਰਘ, ਲੰਬੀਆਂ ਹਨ। ਇਨ੍ਹਾਂ ਨੂੰ ਦੀਰਘ ਜਾਣ ਕੇ ਲੰਮੀਆਂ ਹੀ ਬੋਲਣੀਆਂ।} ਗੁਰਮੁਖੀ ਚ, ੧੦ ਲਗਾਂ ਨਾਲ ਅੱਧਕ ਟਿੱਪੀ ਬਿੰਦੀ ਹਲੰਤ ਆਦਿ ਚਿੰਨ੍ਹਾਂ ਦੀ ਵਰਤੋਂ ਹੁੰਦੀ ਹੈ, ਇਨ੍ਹਾਂ ਨੂੰ ਲਗਾਖਰ ਕਿਹਾ ਜਾਂਦਾ ਹੈ, ਇਨਾਂ ਦੇ ਲੱਗਣ ਨਾਲ ਮਾਤ੍ਰਾ ਉਹੀ ਰਹਿੰਦੀ ਹੈ। ਪੜ੍ਹ ਦੇ ਪੈਰ ’ਚ ਹਲੰਤ ਦੀ ਇਹ ੍ ਨਿਸ਼ਾਨੀ ਹੈ, ਇਸ ਨਾਲ ਅੱਖਰ ਭਾਰਾ ਬੋਲਦਾ ਹੈ, ਅਰਥ ਹੈ ਬ੍ਰਹਮਵਿੱਦਿਆ ਪੜ੍ਹ। ਹਲੰਤ ਬਿਨਾ ਪੜ ਅਰਥ ਹੈ, ਪੈ ਭਾਵ ਡਿੱਗ, ਪੜ ਞਾੜੇ ਪੈਰ ਹਲੰਤ ਨਹੀਂ ਲਾਉਣਾ, ਭਾਵ ਞਾੜਾ ਭਾਰਾ ਨਹੀਂ ਕਰਨਾ। ਜਿਨ੍ਹਾਂ ਉਨ੍ਹਾਂ } ਅੱਧਕ ( ੱ )। ਜਿਸ ਅੱਖਰ ’ਤੇ ਅੱਧਕ ਹੋਵੇ, ਉਸ ਤੋਂ ਅਗਲੇ ਅੱਖਰ ਦੀ ਅਵਾਜ਼ ਦੂਣੀ ਬੋਲੀਦੀ ਹੈ, ਅੱਧਕ ਮੁਕਤੇ ਿ ੁ ਨਾਲ ਲੱਗਦਾ ਹੈ। ਟਿੱਪੀ ( ੰ )ਬਿੰਦੀ ਟਿੱਪੀ ਉਚਾਰਨ ਸਥਾਨ ਨੱਕ ਹੈ। ਮੁਕਤਾ ਿ ੁ ੂ ਚਾਰ ਲਗਾਂ ਨਾਲ ਟਿੱਪੀ ਵਰਤੀਦੀ ਹੈ। ਬਿੰਦੀ ( ਂ )। ਾ ੀ ੇ ੈ ੋ ੌ ਛੇ ਲਗਾਂ ਨਾਲ ਬਿੰਦੀ ਵਰਤੀਦੀ ਹੈ।

੧. ਮੁਕਤਾ:- ਮੁਕਤੇ ਦਾ ਨਿਸ਼ਾਨ ਸਾਈਨ ਕੋਈ ਨਹੀਂ। ਜਿਹੜੇ ਅੱਖਰ ਨੂੰ ਾ ਿ ੀ ੁ ੂ ੇ ੈ ੋ ੌ ਕੋਈ ਭੀ ਲਗ ਨ ਲੱਗੀ ਹੋਵੇ, ਉਹ ਅੱਖਰ ਮੁਕਤਾ ਹੈ, ਮੁਕਤਾ ਲਘੂ ਭਾਵ ਛੋਟੀ ਲਗ ਹੈ, ਮੁਕਤੇ ਨੂੰ ਛੋਟੀ ਲਗ ਸਮਝ ਕੇ ਸੰਕੋਚ ਕੇ ਹੀ ਬੋਲਣਾ, ਮੁਕਤਾ ਬੋਲਣ ਸਮੇਂ, ਮੂੰਹ ਨਹੀਂ ਅੱਡਣਾ, ਨ ਹੀ ਮੂੰਹ ਵਿੰਗਾ ਕਰਨਾ ਹੈ। ਮੁਕਤਾ

ਬੋਲਣਾ ਸਾਰੀਆਂ ਲਗਾਂ ਨਾਲੋਂ ਔਖਾ ਹੈ, ਇਸ ਲਈ ਸਾਵਧਾਨ ਹੋ ਕੇ ਬੋਲੋ। ਬਾਲਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਮੁਕਤਾ ਲਗ, ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ ਮੁਕਤਾ ਨਿਸਚਾ ਕਰਾਉ ਜੀ। ਅ ਸ ਹ। ਕ ਖ ਗ ਘ ਙ। ਚ ਛ ਜ ਝ ਞ। ਟ ਠ ਡ ਢ ਣ। ਤ ਥ ਦ ਧ ਨ। ਪ ਫ ਬ ਭ ਮ। ਯ ਰ ਲ ਵ ੜ। ਅੰ ਸੰ ਹੰ ਕੰ ਖੰ ਗੰ ਘੰ ਙੰ ਚੰ ਛੰ ਜੰ ਝੰ ਞੰ ਟੰ ਠੰ ਡੰ ਢੰ ਣੰ ਤੰ ਥੰ ਦੰ ਧੰ ਨੰ ਪੰ ਫੰ ਬੰ ਭੰ ਮੰ ਯੰ ਰੰ ਲੰ ਵੰ ੜੰ।

ੳ ੲ ਮੁਕਤਾ ਨਹੀਂ ਬੋਲਦੇ, ਇਨ੍ਹਾਂ ਨਾਲ ਲਗ ਜ਼ਰੂਰ ਹੀ ਲੱਗਦੀ ਹੈ। ਮੁਕਤੇ ਨਾਲ ਲਗਾਖਰ ਅੱਧਕ ਟਿੱਪੀ ਦੀ ਵਰਤੋਂ ਹੁੰਦੀ ਹੈ। ਅ ਸ ਹ ਤੋਂ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਮੁਕਤਾ ਬੋਲ ਕੇ ਬੱਚੇ ਨੂੰ ਬਾਰ ੨ ਕਹਾਉ, ਬਾਰ ਬਾਰ ਕਹਾਉਣ ਨਾਲ, ਮੁਕਤਾ ਲਗ ਅਤੇ ਅੱਖਰ ਪੱਕ ਜਾਣਗੇ। ਬੱਚਾ ਮੁਕਤਾ ਬੋਲਦਿਆਂ ੩੩ ਅੱਖਰ ਬਾਰ ੨ ਲਿਖਣ {ਇਕੱਲਾ ੨ ਅੱਖਰ ਇਕੱਲੀ ੨ ਲਗ, ਅਪਣੇ ਮਗਰ ਬਾਰ ੨ ਬੁਲਾ ਕੇ ਬੱਚੇ ਨੂੰ ਸਾਰੀਆਂ ਲਗਾਂ ਨਿਸਚੇ ਕਰਾਉ। ਜਿਵੇਂ ਰਾਰਾ ਮੁਕਤਾ ਰ, ਬਬਾ ਮੁਕਤਾ ਬ, ਦੋਵੇਂ ਅੱਖਰ ਜੋੜ ਕੇ ਰਬ। ਮੁਕਤਾ ਸੰਕੋਚ ਕੇ ਸਹੀ ੨ ਹੀ ਬੋਲਣਾ ਚਾਹੀਦਾ ਹੈ}

ਸੱਚ ਰੱਖ, ਸੱਚ ਚਰ (ਚਰ) ਖਾ, ਸੱਚ ਜਸ ਕਰ, ਸੱਚ ਧਰ, ਸੱਚ ਰੱਬ ਜਪ, ਸੱਚ ਚ ਰਸ, ਸੱਚ ਚ ਵਸ, ਸੱਚ ਚ ਰਚ, ਸੱਚ ਬਲ ਧਰ, ਸੱਚ ਜਪ ਨਰ, ਸੱਚ ਜਪ ਕਰ, ਸੱਚ ਜਪ ਤਰ, ਰੱਬ ਨ ਬਣ, ਸੱਚ ਰਟ ਰਟ, ਸੱਚ ਧਨ ਖੱਟ, ਮਦ ਚ ਨ ਖਪ (ਮਦ) ਸ਼ਰਾਬ, ਹੰਕਾਰ। ਜਤ ਸਤ ਰੱਖ। ਸੱਚ ਧਰਮ ਕਰਮ ਕਰ। ਮਸਤਕ ਰੱਬ ਚਰਨਨ ਪਰ ਧਰ। ਭਗਤਨ ਚਰਨ ਕਮਲ ਪਰਸ। ਜਗਤ ਮਧ, ਰੱਬ ਨ ਸਦਰਸ। ਜਤ ਸਤ ਰਖ। ਸੰਗਤ ਕਰ ਸਬਦ ਭਨ। ਭਜਨ ਕਰ ਭਗਤ ਬਣ॥ (ਸਦਰਸ)ਬਰਾਬਰ ਜਹ ਨੂੰ ਜੈਹ ਜਾਂ ਜਹਿ ਗ਼ਲਤ ਨਹੀਂ ਬੋਲਣਾ।ਸਹਸ ਸਿਆਣਪਾ ਲਖ ਹੋਹਿ;(ਸਹਸ)ਨੂੰ ਸੈਹਸ ਜਾਂ ਸਹਿਸ ਗ਼ਲਤ ਨਹੀਂ ਬੋਲਣਾ,ਸਹਸ ਤਿੰਨੇ ਅੱਖਰ ਮੁਕਤੇ ਬੋਲੋ।ਸਾਹ,ਸੱਸੇ ਨੂੰ ਕੰਨਾ ਹੈ।(ਕੰਨੇ ਾ)ਦੇ ਸੱਜੇ ਪਾਸੇ ਹਾਹਾ ਮੁਕਤਾ ਹੈ।ਸੱਸੇ ਦਾ ਕੰਨਾ ਲੰਮਾ ਬੋਲ ਕੇ,ਹਾਹਾ ਮੁਕਤਾ ਬੋਲੋ,ਹਾਹੇ ਨੂੰ ਕੰਨਾ ਨਹੀਂ ਲਾਉਣਾ ਚਾਹੀਦਾ ਜੀ

੨. ਕੰਨਾ ਨਿਸ਼ਾਨ ਸਾਈਨ ਬ੍ਰੈਕਟ ਚ ਹੈ( ਾ ) ਕੰਨਾ ਹੇਠਾਂ ਨੂੰ ੯੦ ਡਿਗਰੀ ਸਿੱਧਾ ਅੱਖਰ ਦੇ ਅੱਧ ਤੱਕ ਆਉਂਦਾ ਹੈ। ਕੰਨਾ ਦੀਰਘ ਭਾਵ ਵੱਡੀ ਲੰਬੀ ਲਗ ਸਮਝ ਕੇ, ਮੂੰਹ ਅੱਡ ਕੇ ਲੰਬਾ ਹੀ ਬੋਲਣਾ, ਮੂੰਹ ਵਿੰਗਾ ਨਹੀਂ ਕਰਨਾ। ਬਾਲ ਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਕੰਨਾ ਲਗ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ

ਕੇ, ਕੰਨਾ ਨਿਸਚੇ ਕਰਾਉ ਜੀ। ਆ ਸਾ ਹਾ ਕਾ ਖਾ ਗਾ ਘਾ ਙਾ ਚਾ ਛਾ ਜਾ ਝਾ ਞਾ ਟਾ ਠਾ ਡਾ ਢਾ ਣਾ ਤਾ ਥਾ ਦਾ ਧਾ ਨਾ ਪਾ ਫਾ ਬਾ ਭਾ ਮਾ ਯਾ ਰਾ ਲਾ ਵਾ ੜਾ। ਕੰਨੇ ਨਾਲ, ਲਗਾਖਰ ਬਿੰਦੀ ਦੀ ਵਰਤੋਂ ਹੁੰਦੀ ਹੈ। ( ਂ ) ਆਂ ਸਾਂ ਹਾਂ ਕਾਂ ਖਾਂ ਗਾਂ ਘਾਂ ਙਾਂ ਚਾਂ ਛਾਂ ਜਾਂ ਝਾਂ ਞਾਂ ਟਾਂ ਠਾਂ ਡਾਂ ਢਾਂ ਣਾਂ ਤਾਂ ਥਾਂ ਦਾਂ ਧਾਂ ਨਾਂ ਪਾਂ ਫਾਂ ਬਾਂ ਭਾਂ ਮਾਂ ਯਾਂ ਰਾਂ ਲਾਂ ਵਾਂ ੜਾਂ। ੳ ੲ ਨੂੰ ਕੰਨਾ ਨਹੀਂ ਲੱਗਦਾ। ਆ ਸਾ ਹਾ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਕੰਨਾ ਲਾ ਕੇ ਬੱਚੇ ਨੂੰ ਬਾਰ ੨ ਕੰਨਾ ਕਹਾਉ। ਬੱਚੇ ਮੂੰਹ ਅੱਡ ਕੇ ਕੰਨਾ ਬੋਲਦਿਆਂ ੩੩ ਅੱਖਰਾਂ ਨਾਲ ਕੰਨਾ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਕੰਨਾ ਲਾ ਕੇ ਬਾਰ ੨ ਬੋਲਣ।

ਰਾਮ ਨਾਮ ਸਾਚ ਧਾਰ, ਸੱਚ ਨਾਮ ਸਭ ਦਾ ਯਾਰ। ਜਪਾ ਨਾਮ ਜਮ ਨ ਸਕਾ ਮਾਰ। ਜਪ ਜਪ ਨਾਮ ਛੱਡ ਪਰ ਨਾਰ। ਜਪ ਨਾਮ ਛੱਡ ਸਾਦ ਘਰ ਬਾਰ। ਆਖ ਸਚ ਨਾਮ ਕਰਤਾਰ। ਸਦਾ ਸਦਾ ਦਾਤਾ ਦਾਤਾਰ। ਸਭ ਦਾ ਕਰਤਾ ਤਾਰਣਹਾਰ। ਬਾਰ ਬਾਰ ਕਰ ਨਮਸਕਾਰ। ਜਪ ਨਾਮ, ਜਨਮ ਨ ਹਾਰ। ਸਰਬੱਤ ਦਾ ਭਲਾ, ਕਰਨਹਾਰ। ਧੰਨ ਧੰਨ ਕਰਤਾਰ ਰਚਨਹਾਰ। ਸਭ ਦਾ ਬਾਪ ਪੜਦਾ ਢਕਣਹਾਰ।ਪਾਤਾਲਾ ਪਾਤਾਲ ਲਖ;ਆਗਾਸਾ ਆਗਾਸ॥ਨੂੰ ਪਤਾਲਾ ਪਤਾਲ ਲਖ ਅਗਾਸਾ ਅਗਾਸ॥ਗ਼ਲਤ ਨਹੀਂ ਬੋਲਣਾ,ਖ਼ਿਆਲ ਨਾਲ ਪੱਪਿਆਂ,ਐੜਿਆਂ ਨੂੰ ਮੂੰਹ ਅੱਡ ਕੇ,ਲੰਮੇ ਬੋਲ ਕੇ ਕੰਨੇ ਲਾਵੋ।ਨਾ ਓਹਿ ਮਰਹਿ;ਨ ਠਾਗੇ ਜਾਹਿ॥(ਨਾ)ਕੰਨਾ ਪੂਰਾ ਲਾਉਣਾ,(ਨ) ਨੰਨਾ ਮੁਕਤਾ,ਸੰਕੋਚ ਕੇ ਹੀ ਬੋਲਣਾ।ਨੰਨੇ ਮੁਕਤੇ ਨੂੰ ਕੰਨਾ ਲਾਉਣਾ ਗ਼ਲਤੀ ਹੈ।ਊੜੇ ਈੜੀ ਨੂੰ ਕੰਨਾ ਨਹੀਂ ਲੱਗਦਾ।ਆ ਸਾ ਹਾ ਅੱਗੇ ੜਾੜੇ ਤੱਕ,ਤੇਤੀ ਅੱਖਰਾਂ ਨੂੰ ਕੰਨਾ ਲਾ ਕੇ ਵਿਦਿਆਰਥੀ ਜੀ ਨੂੰ ਬਾਰ ੨ ਕੰਨਾ ਕਹਾਉ।ਵਿੱਦਿਆਰਥੀ ਜੀ ਕੰਨਾ ਲਗ ਬੋਲਦਿਆਂ ੩੩ ਅੱਖਰਾਂ ਨਾਲ ਕੰਨਾ ਲਾ ਕੇ ਬਾਰ ੨ ਲਿਖਣ ਹਰ ਅੱਖਰ ਨਾਲ਼ ਕੰਨਾ ਬਾਰ ੨ ਬੋਲਣ।ਬਾਲ ਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਕੰਨਾ ਲਗ, ਅਪਣੇ ਮਗਰ ਬਾਰ ੨ ਬੁਲਾ ਹਾਹੇ ਦਾ ਔਂਕੜ ਛੋਟਾ ਬੋਲੋ,ਔਂਕੜ ਲੰਬਾ ਬੋਲਣ ਨਾਲ ਹੋੜਾ ਬੋਲੇਗਾ।ਰਾਹੁ ਲਾਹੁ ਵਾਹੁ ਨਾਹੁ) ਸੀਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਛੋਟੀ ਲਗ ਹੈ।ਸੱਸੇ ਦੀ ਬਿਹਾਰੀ ਦੱਬ ਕੇ,ਭਾਵ ਦੀਰਘ ਲੰਮੀ ਬੋਲਣੀ।ਹਾਹੇ ਦਾ ਔਂਕੜ ਲਘੂ ਸੰਕੋਚ ਕੇ ਹੀ ਬੋਲੋ।

੩.ਸਿਹਾਰੀ ਨਿਸ਼ਾਨ ਸਾਈਨ ਬ੍ਰੈਕਟ ਚ ਹੈ (ਿ) ਸਿਹਾਰੀ ਨੂੰ ਛੋਟੀ ਲਗ ਸਮਝ ਕੇ, ਸੰਕੋਚ ਕੇ ਹੀ ਬੋਲਣਾ। ਬਾਲ ਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਸਿਹਾਰੀ ਲਗ

ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ ਸਿਹਾਰੀ ਨਿਸਚਾ ਕਰਾਉ ਜੀ। ਇ ਸਿ ਹਿ ਕਿ ਖਿ ਗਿ ਘਿ ਙਿ ਚਿ ਛਿ ਜਿ ਝਿ ਞਿ ਟਿ ਠਿ ਡਿ ਢਿ ਣਿ ਤਿ ਥਿ ਦਿ ਧਿ ਨਿ ਪਿ ਫਿ ਬਿ ਭਿ ਮਿ ਯਿ ਰਿ ਲਿ ਵਿ ੜਿ। ੳ ਅ ਨੂੰ ਸਿਹਾਰੀ ਨਹੀਂ ਲੱਗਦੀ। ਇ ਸਿ ਹਿ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਸਿਹਾਰੀ ਲਾ ਕੇ ਬੱਚੇ ਨੂੰ ਬਾਰ ੨ ਸਿਹਾਰੀ ਕਹਾਉ। ਬੱਚਾ ਸਿਹਾਰੀ ਬੋਲਦਿਆਂ ੩੩ ਅੱਖਰਾਂ ਨਾਲ ਸਿਹਾਰੀ ਲਾ ਕੇ ਬਾਰ ੨ ਲਿਖੇ, ਹਰ ਅੱਖਰ ਨਾਲ਼ ਸਿਹਾਰੀ ਬਾਰ ੨ ਬੋਲੇ।

ਜਪਿ ਜਪਿ ਹਰਿ ਹਰਿ। ਮੱਥਾ ਚਰਨਨ ਪਰ ਧਰਿ ਧਰਿ। ਹਰਿ ਸੇਵ ਕਮਾਇ, ਦਾਸਨ ਦਾਸ ਕਹਾਇ। ਨਾਮਿ ਲਿਵ ਲਾਇ ਹਰਿ ਦਰਸ ਸਮਾਇ। ਵਾਹਿ ਵਾਹਿ ਜਪਿ ਅਕਾਲ, ਸਤਿ ਸਤਿ ਸਦਾ ਦਿਆਲ। ਜਪਿ ਜਪਿ ਸਿਰਜਨਹਾਰਿ, ਬਾਂਹ ਫੜਿ ਫੜਿ ਤਾਰਨਹਾਰਿ।

੪. ਬਿਹਾਰੀ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੀ) ਬਿਹਾਰੀ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬੀ ਦੱਬ ਕੇ ਹੀ ਬੋਲਣੀ। ਪੋਲੀ ਬੋਲਣ ਨਾਲ, ਸਿਹਾਰੀ ਬੋਲੀ ਜਾਵੇਗੀ। ਬਾਲਉਪਦੇਸ ਤੋਂ ਇਕੱਲੇ ੨ ਅੱਖਰ ਨਾਲ ਬਿਹਾਰੀ ਲਗ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ, ਬਿਹਾਰੀ ਨਿਸਚਾ ਕਰਾਉ। ਈ ਸੀ ਹੀ ਕੀ ਖੀ ਗੀ ਘੀ ਙੀ ਚੀ ਛੀ ਜੀ ਝੀ ਞੀ ਟੀ ਠੀ ਡੀ ਢੀ ਣੀ ਤੀ ਥੀ ਦੀ ਧੀ ਨੀ ਪੀ ਫੀ ਬੀ ਭੀ ਮੀ ਯੀ ਰੀ ਲੀ ਵੀ ੜੀ। ੳ ਅ ਨੂੰ ਬਿਹਾਰੀ ਨਹੀਂ ਲੱਗਦੀ। ਈ ਸੀ ਹੀ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਬਿਹਾਰੀ ਲਾ ਕੇ, ਬੱਚੇ ਨੂੰ ਬਾਰ ੨ ਬਿਹਾਰੀ ਕਹਾਉ। ਬੱਚੇ ਜੀ ਬਿਹਾਰੀ ਲਗ ਬੋਲਦਿਆਂ ੩੩ ਅੱਖਰਾਂ ਨਾਲ ਬਿਹਾਰੀ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਬਿਹਾਰੀ ਬਾਰ ੨ ਬੋਲਣ। ਬਿਹਾਰੀ ਨਾਲ ਬਿੰਦੀ ਦੀ ਵਰਤੋਂ ਹੁੰਦੀ ਹੈ।

ਸਾਧਸੰਗਤ ਜੀ ਚ ਜਾਹ, ਹਰੀ ਹਰੀ ਜਪ ਜਪਾ। ਦਾਸਨਦਾਸੀ ਬਣ, ਗੁਰ ਚਰਣ ਧੂੜੀ ਵਿੱਚ ਨਹਾ। ਨਾਮ ਦਾਤਾ ਸਤਿਗੁਰੂ ਸਿਰ ਪਾਤਿਸ਼ਾਹਾਂ ਪਾਤਿਸ਼ਾਹ।:- ਸਾ ਧਰਤੀ ਭਈ ਹਰੀਆਵਲੀ;ਜਿਥੈ ਮੇਰਾ ਸਤਿਗੁਰੁ ਬੈਠਾ ਆਇ॥ਜਿੱਥੇ ਮੇਰੇ ਸੱਚੇ ਸਤਿਗੁਰੂ ਸਾਹਿਬ ਜੀ ਆ ਕੇ ਬੈਠੇ,(ਸਾ)ਉਹ ਧਰਤੀ(ਹਰੀਆਵਲੀ)ਹਰੀ ਦੀ ਰੰਗਤ ਕਥਾ ਕੀਰਤਨ ਸਿਮਰਨ ਮਹਿਮਾ ਵਾਲੀ ਹਰੀਆਵਲੀ(ਭਈ)ਹੋ ਗਈ। ਹਰੀਆਵਲੀ.ਰਾਰੇ ਬਿਹਾਰੀ ਦੱਬ ਕੇ ਦੀਰਘ ਬੋਲੋ,ਪੋਲੀ ਬੋਲਣ ਨਾਲ ਹਰਿਆਵਲੀ ਸਿਹਾਰੀ ਗ਼ਲਤ ਬੋਲੀ ਜਾਵੇਗੀ।

(ਨਿਰਗੁਨੀਆਰ)ਨੰਨੇ ਦੀ ਬਿਹਾਰੀ ਨੂੰ ਦੱਬ ਕੇ ਬੋਲੀਏ ਤਾਂ ਠੀਕ ਹੈ,ਪਰ ਜੇ ਨੰਨੇ ਦੀ ਬਿਹਾਰੀ ਨੂੰ ਢਿੱਲਾ ਬੋਲੀਏ ਤਾਂ ਸਿਹਾਰੀ ਬਣ ਜਾਂਦੀ ਹੈ,ਇਸ ਲਈ ਸਤਿਗੁਰੂ

ਸਾਹਿਬ ਜੀ ਦੇ ਪਰਮਪਵਿੱਤ੍ਰ ਸਰੂਪ 'ਚ,ਜਿੱਥੇ ੨ ਭੀ ਬਿਹਾਰੀ ਆਵੇ,ਉੱਥੇ ੨ ਪੂਰਾ ੨ ਖ਼ਿਆਲ ਰੱਖ ਕੇ, ਬਿਹਾਰੀ ਨੂੰ ਦੱਬ ਕੇ ਹੀ ਬੋਲੋ ਜੀ।ਸੀਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸੱਸੇ ਦੀ ਬਿਹਾਰੀ ਦੱਬ ਕੇ,ਭਾਵ ਦੀਰਘ ਲੰਮੀ ਬੋਲਣੀ।ਹਾਹਾ ਸੰਕੋਚ ਕੇ ਬੋਲੋ।ਸੀਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਛੋਟੀ ਲਗ ਹੈ।ਸੱਸੇ ਦੀ ਬਿਹਾਰੀ ਦੱਬ ਕੇ,ਭਾਵ ਦੀਰਘ ਲੰਮੀ ਬੋਲਣੀ।ਹਾਹੇ ਦੀ ਸਿਹਾਰੀ ਸੰਕੋਚ ਕੇ ਬੋਲੋ।

੫. ਔਂਕੜ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੁ) ਔਂਕੜ ਲਘੂ ਛੋਟੀ ਲਗ ਸਮਝ ਕੇ, ਸੰਕੋਚ ਕੇ ਹੀ ਬੋਲਣਾ। ਝੱਟਕੇ ਨਾਲ ਛੇਤੀ ਬੋਲ ਕੇ ਮਾਤ੍ਰਾ ਘੱਟ ਭੀ ਨਹੀਂ ਬੋਲਣੀ, ਬੋਲਣ ਸਮੇਂ ਦੀਰਘ ਲਘੂ 'ਤੇ ਇੱਕੋ ਜਿਹਾ ਜ਼ੋਰ ਲਾਉਣਾ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਔਂਕੜ ਲਗ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ, ਔਂਕੜ ਨਿਸਚਾ ਕਰਾਉ। ਉ ਸੁ ਹੁ ਕੁ ਖੁ ਗੁ ਘੁ ਙੁ ਚੁ ਛੁ ਜੁ ਝੁ ਞੁ ਟੁ ਠੁ ਡੁ ਢੁ ਣੁ ਤੁ ਥੁ ਦੁ ਧੁ ਨੁ ਪੁ ਫੁ ਬੁ ਭੁ ਮੁ ਯੁ ਰੁ ਲੁ ਵੁ ੜੁ। ਅ ੲ ਨੂੰ ਔਂਕੜ ਨਹੀਂ ਲੱਗਦਾ। ਉ ਸੁ ਹੁ ਅੱਗੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਔਂਕੜ ਲਾ ਕੇ, ਬੱਚੇ ਜੀ ਨੂੰ ਬਾਰ ੨ ਕਹਾਉ। ਬੱਚੇ ਜੀ ਔਂਕੜ ਲਗ ਬੋਲਦਿਆਂ ੩੩ ਅੱਖਰਾਂ ਨਾਲ ਔਂਕੜ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾ਼ਲ ਔਂਕੜ ਬਾਰ ੨ ਬੋਲਣ। ਔਂਕੜ ਨਾਲ ਲਗਾਖਰ ਅੱਧਕ ਟਿੱਪੀ ਦੀ ਵਰਤੋਂ ਹੈ।

ਗੁਰੁ ਚਰਨਨ ਸੰਗੁ ਕਰਿ ਪਰੀਤ। ਗੁਰੁ ਗੁਰੁ ਨਾਮੁ ਜਪੁ ਮੀਤੁ। ਗੁਰਸਬਦੁ ਰਾਮੁ ਗਾ ਗੀਤੁ। ਰਾਮੁ ਨਾਮੁ ਧਾਰ ਚੀਤੁ। ਬਰਫ਼ ਵਾਂਗ ਤਨੁ ਮਨੁ ਕਰ ਸੀਤੁ। ਮਿਟ ਜਾਣੁ ਦੁੱਖੁ ਮੀਤੁ। ਮਨੁਖਾ ਜਨਮੁ ਦੀ ਬਾਜ਼ੀ ਜੀਤੁ।।(ਸਲੋਕੁ)ਦਾ ਸੱਸਾ ਮੁਕਤਾ ਹੈ।ਕਈ ਬੇਖ਼ਿਆਲੀ 'ਚ ਕੱਕੇ ਦਾ ਔਂਕੜ ਛੱਡ ਕੇ,ਸੱਸੇ ਨੂੰ ਔਂਕੜ ਲਾ ਕੇ ਸੁਲੋਕ ਗ਼ਲਤ ਬੋਲਦੇ ਹਨ।ਪੂਰਨ ਸ਼ਰਧਾ ਸਤਿਕਾਰ ਖ਼ਿਆਲ ਸਹਿਤ ਸੱਸਾ ਮੁਕਤਾ,ਲੱਲੇ ਦਾ ਹੋੜਾ ਲੰਮਾ,ਕੱਕੇ ਦਾ ਔਂਕੜ ਸੰਕੋਚ ਕੇ ਸਹੀ ੨ ਬੋਲਣਾ ਚਾਹੀਦਾ ਹੈ।(ਕੁ)ਕੱਕੇ ਦਾ ਔਂਕੜ ਲੰਮਾ ਬੋਲਣ ਨਾਲ ਹੋੜੇ ਵੱਲ ਅਵਾਜ਼ ਚਲੀ ਜਾਂਦੀ ਹੈ।ਅ ੲ ਨੂੰ ਔਂਕੜ ਨਹੀਂ ਲੱਗਦਾ।

੬. ਦੁਲੈਂਕੜ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੂ) ਦੁਲੈਂਕੜ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਹੀ ਬੋਲਣਾ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਦੁਲੈਂਕੜੇ ਲਗ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ ਦੁਲੈਂਕੜੇ ਨਿਸਚਾ ਕਰਾਉ। ਊ ਸੂ ਹੂ ਕੂ ਖੂ ਗੂ ਘੂ ਙੂ ਚੂ ਛੂ ਜੂ ਝੂ ਞੂ ਟੂ ਠੂ ਡੂ ਢੂ ਣੂ ਤੂ ਥੂ ਦੂ

ਧੂ ਨੂ ਪੂ ਫੂ ਬੂ ਭੂ ਮੂ ਯੂ ਰੂ ਲੂ ਵੂ ੜੂ। ਅ ੲ ਨੂੰ ਦੁਲੈਂਕੜੇ ਨਹੀਂ ਲੱਗਦੇ, ਅੱਗੇ ਊ ਸੂ ਹੂ ੜਾੜੇ ਤੱਕ, ਤੇਤੀ ਅੱਖਰਾਂ ਨੂੰ ਦੁਲੈਂਕੜੇ ਲਾ ਕੇ, ਬੱਚੇ ਜੀ ਨੂੰ ਬਾਰ ੨ ਕਹਾਉ। ਬੱਚੇ ਜੀ ਦੁਲੈਂਕੜੇ ਲਗ ਬੋਲਦਿਆਂ ੩੩ ਅੱਖਰਾਂ ਨਾਲ ਦੁਲੈਂਕੜੇ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਦੁਲੈਂਕੜੇ ਬਾਰ ੨ ਬੋਲਣ। ਦੁਲੈਂਕੜ ਨਾਲ ਲਗਾਖਰ ਟਿੱਪੀ ਦੀ ਵਰਤੋਂ ਹੈ।

ਤੂੰ ਤੂੰ ਤੂੰ ਤੂੰ ਜਪ ਜਪਾ, ਜੂਠਾ ਭੂਲ ਮੂਲ ਨ ਖਾ। ਜੂਆ ਕੁਸੰਗਤ ਤਿਆਗ, ਝੂਠ ਤਿਆਗ ਹੋਹਿ ਨਿਰਮਲ ਭਾਗ।ਸੂਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ,ਹਾਹਾ ਮੁਕਤਾ ਲਘੂ ਸੰਕੋਚ ਕੇ ਬੋਲੋ।ਸੂਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ,ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ,ਹਾਹੇ ਦੀ ਸਿਹਾਰੀ ਛੋਟੀ ਲਘੂ ਸੰਕੋਚ ਕੇ ਬੋਲੋ।ਸੂਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ,ਸੱਸੇ ਦੇ ਦੁਲੈਂਕੜੇ ਦੀਰਘ ਭਾਵ ਲੰਮੇ ਬੋਲ ਕੇ,ਹਾਹੇ ਦਾ ਔਂਕੜ ਛੋਟੀ ਲਗ.ਸੰਕੋਚ ਕੇ ਬੋਲੋ।ਅ ੲ ਨੂੰ ਦੁਲੈਂਕੜੇ ਨਹੀਂ ਲੱਗਦੇ।

੭. ਲਾਂ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੇ ) ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਲਾਂ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ ਲਾਂ ਨਿਸਚਾ ਕਰਾਉ। ਲਾਂ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬੀ ਲੌਂਗ ਪੂਰੀ ਹੀ ਬੋਲਣੀ। ਏ ਸੇ ਹੇ ਕੇ ਖੇ ਗੇ ਘੇ ਙੇ ਚੇ ਛੇ ਜੇ ਝੇ ञੇ ਟੇ ਠੇ ਡੇ ਢੇ ਣੇ ਤੇ ਥੇ ਦੇ ਧੇ ਨੇ ਪੇ ਫੇ ਬੇ ਭੇ ਮੇ ਯੇ ਰੇ ਲੇ ਵੇ ੜੇ। ੳ ਅ ਨੂੰ ਲਾਂ ਨਹੀਂ ਲੱਗਦੀ, ਅੱਗੇ ਏ ਸੇ ਹੇ ੜਾੜੇ ਤੱਕ, ਤੇਤੀ ਅੱਖਰਾਂ ਨੂੰ ਲਾਂ ਲਾ ਕੇ, ਬੱਚੇ ਜੀ ਨੂੰ ਬਾਰ ੨ ਅਪਣੇ ਮਗਰ ਲਾਂ ਕਹਾਉ। ਬੱਚੇ ਜੀ ਲਾਂ ਬੋਲਦਿਆਂ ੩੩ ਅੱਖਰਾਂ ਨਾਲ ਲਾਂ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਲਾਂ ਬਾਰ ੨ ਬੋਲਣ। ਲਾਂ ਨਾਲ ਲਗਾਖਰ ਬਿੰਦੀ ਦੀ ਵਰਤੋਂ ਹੁੰਦੀ ਹੈ।

ਨਾਮ ਜਪਿ ਜਪੇ ਬਣੇ ਦਲੇਰ ਸ਼ੇਰ। ਗੁਰੂ ਗੁਰੂ ਜਪ ਤਜੇ ਮੇਰ ਤੇਰ। ਦਾਸਨਦਾਸ ਬਣੇ ਕਰੇ ਪਰੇਮ, ਚਾਅ ਨਾਲ ਕਰੇ ਸੇਵਾ ਮਿਲੇ ਖੇਮ। (ਖੇਮ)ਕਲਿਆਣ) ਜਿਵੇਂ ਦੇਹ,ਖੇਹ ਲਾਂ ਦੀਰਘ ਬੋਲ ਕੇ,ਹਾਹਾ ਮੁਕਤਾ ਸੰਕੋਚ ਕੇ ਹੀ ਬੋਲਣਾ।ਦੇਹ ਖੇਹ ਦੇ ਹਾਹਿਆਂ ਨੂੰ ਸਿਹਾਰੀ ਲਾ ਕੇ,ਨਹੀਂ ਬੋਲਣਾ। ਸੇਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ।ਹਾਹੇ ਨੂੰ ਸਿਹਾਰੀ ਨ ਲੱਗੇ।ਸੇਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ,ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਬੋਲੋ।ਸੇਹੁ ਸੱਸੇ

ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ,ਸੱਸੇ ਦੀ ਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹੇ ਦਾ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ।

੮. ਦੁਲਾਂ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੈ ) ਦੁਲਾਂ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬੀ ਲੌਂਗ ਪੂਰੀ ਹੀ ਬੋਲਣੀ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਦੁਲਾਂ ਲਗ ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ, ਦੁਲਾਂ ਨਿਸਚਾ ਕਰਾਉ। ਐ ਸੈ ਹੈ ਕੈ ਖੈ ਗੈ ਘੈ ਙੈ ਚੈ ਛੈ ਜੈ ਝੈ ਞੈ ਟੈ ਠੈ ਡੈ ਢੈ ਣੈ ਤੈ ਥੈ ਦੈ ਧੈ ਨੈ ਪੈ ਫੈ ਬੈ ਭੈ ਮੈ ਯੈ ਰੈ ਲੈ ਵੈ ੜੈ।

ੳ ੲ ਨੂੰ ਦੁਲਾਂ ਨਹੀਂ ਲੱਗਦੀ, ਅੱਗੇ ਐ ਸੈ ਹੈ ੜਾੜੇ ਤੱਕ, ਤੇਤੀ ਅੱਖਰਾਂ ਨੂੰ ਦੁਲਾਂ ਲਾ ਕੇ, ਬੱਚੇ ਜੀ ਨੂੰ ਬਾਰ ੨ ਅਪਣੇ ਮਗਰ ਕਹਾਉ। ਬੱਚੇ ਜੀ ਦੁਲਾਂ ਬੋਲਦਿਆਂ ੩੩ ਅੱਖਰਾਂ ਨਾਲ ਦੁਲਾਂ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਦੁਲਾਂ ਬਾਰ ੨ ਬੋਲਣ। ਦੁਲਾਂ ਨਾਲ ਲਗਾਖਰ ਬਿੰਦੀ ਦੀ ਵਰਤੋਂ ਹੁੰਦੀ ਹੈ।

ਸਤਿਗੁਰ ਪੂਰਨ ਪੁਰਖ ਨਿਰਵੈਰ। ਜਪਿ ਸਤਿਗੁਰ ਸਵੇਰੇ ਕਰਿ ਸੈਰ। ਭਾਉ ਭਗਤੀ ਨਾਮੁ ਦੀ ਮੰਗ ਖੈਰ। ਨਿਤ ਨਿਤ ਪੂਜ ਗੁਰ ਜੀ ਪੈਰ। ਸੇਵਕ ਦਾਸਨਦਾਸ ਬਣ ਵਿਸ਼ੇ ਅੱਗ 'ਤੇ ਜਾ ਤੈਰ। ਗੁਰ ਸੇਵਾ ਭਗਤੀ ਬਿਨ ਧੰਧਾ ਧੈਰ। ਤੂੰ ਪੂਜ ਗੁਰੂ ਨੂੰ ਸੰਸਾਰ ਪੂਜੂ ਤੇਰੇ ਪੈਰ।।(ਗਾਵੈ)ਨੂੰ ਗਾਂਵਾਂ ਗਾਵੇ ਗਾਵਾ ਗ਼ਲਤ ਪਾਠ ਨਹੀਂ ਕਰਨਾ।ਸੋ ਖ਼ਿਆਲ ਨਾਲ(ਵੈ)ਵਾਵੇ ਨੂੰ ਦੁਲਾਂ ਹੀ ਲਾਉਣੀ।ਸੈਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ।ਹਾਹੇ ਨੂੰ ਸਿਹਾਰੀ ਨ ਲੱਗੇ ਜੀ।ਸੈਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ,ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ।ਸੈਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ,ਸੱਸੇ ਦੀ ਦੁਲਾਂ ਦੀਰਘ ਭਾਵ ਲੰਮੀ ਬੋਲ ਕੇ,ਹਾਹੇ ਦਾ ਔਂਕੜ ਛੋਟੀ ਲਗ ਸਮਝ ਕੇ.ਸੰਕੋਚ ਕੇ ਹੀ ਬੋਲੋ।

੯. ਹੋੜਾ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੋ ) ੳ ਊੜੇ ਦਾ ਮੂੰਹ ਖੁੱਲ੍ਹਾ ਹੋਵੇ, ਓ ਹੋੜਾ ਬੋਲਦਾ ਹੈ। ਹੋੜਾ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਹੀ ਬੋਲਣਾ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਹੋੜਾ ਲਗ, ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ, ਹੋੜਾ ਨਿਸਚਾ ਕਰਾਉ। ਓ ਸੋ ਹੋ ਕੋ ਖੋ ਗੋ ਘੋ ਙੋ ਚੋ ਛੋ ਜੋ ਝੋ ਞੋ ਟੋ ਠੋ ਡੋ ਢੋ ਣੋ ਤੋ ਥੋ ਦੋ ਧੋ ਨੋ ਪੋ ਫੋ ਬੋ ਭੋ ਮੋ ਯੋ ਰੋ ਲੋ ਵੋ ੜੋ। ਅ ੲ ਨੂੰ

ਹੋੜਾ ਨਹੀਂ ਲੱਗਦਾ, ਅੱਗੇ ੳ ਸੋ ਹੋ ੜਾੜੇ ਤੱਕ, ਤੇਤੀ ਅੱਖਰਾਂ ਨੂੰ ਹੋੜਾ ਲਾ ਕੇ, ਬੱਚੇ ਨੂੰ ਬਾਰ ੨ ਅਪਣੇ ਮਗਰ ਹੋੜਾ ਕਹਾਉ। ਬੱਚਾ ਹੋੜਾ ਬੋਲਦਿਆਂ, ੩੩ ਅੱਖਰਾਂ ਨਾਲ ਹੋੜਾ ਲਾ ਕੇ ਬਾਰ ੨ ਲਿਖੇ, ਹਰ ਅੱਖਰ ਨਾਲ਼ ਹੋੜਾ ਬਾਰ ੨ ਬੋਲੇ। ਹੋੜੇ ਨਾਲ ਲਗਾਖਰ ਬਿੰਦੀ ਦੀ ਵਰਤੋਂ ਹੁੰਦੀ ਹੈ।

ਭਾਉ ਭਗਤੀ ਕਰ, ਬਣ ਸਭ ਤੋਂ ਛੋਟਾ। ਸਿਰ ਅਰਪ ਗੁਰੂ ਨੂੰ, ਆਵੈ ਨਾਹੀ ਤੋਟਾ। ਵਾਹਿਗੁਰੂ ਵਾਹਿਗੁਰੂ ਜਪਿ ਲਾ ਲਾ ਘੋਟਾ। ਦਾਸਨਦਾਸ ਬਣ ਕਰ ਸੇਵਾ, ਜਮ ਨ ਮਾਰੇ ਸੋਟਾ। ਨਾਮ ਜਪਣ ਜਪਾਉਣ ਜਤ ਸਤ ਬੰਨ੍ਹ ਲੰਗੋਟਾ। ਜਿਵੇਂ ਸੋਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ,ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ।ਹਾਹੇ ਨੂੰ ਸਿਹਾਰੀ ਨ ਲੱਗੇ।ਸੋਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ,ਸੱਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ,ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ।ਸੋਹੁ ਸੱਸੇ ਦੇ ਸੱਜੇ ਪਾਸੇ,ਹਾਹੇ ਨੂੰ ਔਂਕੜ ਹੈ,ਸੱਸੇ ਦਾ ਹੋੜਾ ਦੀਰਘ ਭਾਵ ਲੰਮਾ ਬੋਲ ਕੇ,ਹਾਹੇ ਦਾ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ। (ਹੋਹਿ)ਦੇ ਪਹਿਲੇ ਹਾਹੇ ਦੇ ਹੋੜੇ ਨੂੰ ਦੀਰਘ,ਮਗਰਲੇ ਹਾਹੇ ਦੀ ਸਿਹਾਰੀ ਨੂੰ ਲਘੂ ਭਾਵ ਘੱਟ ਬੋਲਣਾ।

੧੦. ਕਨੌੜਾ ਨਿਸ਼ਾਨ ਸਾਈਨ ਬ੍ਰੈਕਟ ਚ ਹੈ ( ੌ ) ਕਨੌੜਾ ਦੀਰਘ ਭਾਵ ਵੱਡੀ ਲਗ ਸਮਝ ਕੇ, ਲੰਬਾ ਲੌਂਗ ਪੂਰਾ ਚਾੜ੍ਹ ਕੇ ਹੀ ਬੋਲਣਾ। ਬਾਲ ਉਪਦੇਸ਼ ਤੋਂ ਇਕੱਲੇ ੨ ਅੱਖਰ ਨਾਲ ਕਨੌੜਾ ਲਗ, ਬੱਚੇ ਨੂੰ ਦਿਖਾ ਕੇ, ਅਪਣੇ ਮਗਰ ਬਾਰ ੨ ਬੁਲਾ ਕੇ, ਕਨੌੜਾ ਨਿਸਚਾ ਕਰਾਉ। ਔ ਸੌ ਹੌ ਕੌ ਖੌ ਗੌ ਘੌ ਙੌ ਚੌ ਛੌ ਜੌ ਝੌ ਞੌ ਟੌ ਠੌ ਡੌ ਢੌ ਣੌ ਤੌ ਥੌ ਦੌ ਧੌ ਨੌ ਪੌ ਫੌ ਬੌ ਭੌ ਮੌ ਯੌ ਰੌ ਲੌ ਵੌ ੜੌ।

ੳ ੲ ਨੂੰ ਕਨੌੜਾ ਨਹੀਂ ਲੱਗਦਾ, ਅੱਗੇ ਔ ਸੌ ਹੌ ੜਾੜੇ ਤੱਕ, ਤੇਤੀ ਅੱਖਰਾਂ ਨੂੰ ਕਨੌੜਾ ਲਾ ਕੇ, ਬੱਚੇ ਜੀ ਨੂੰ ਬਾਰ ੨ ਅਪਣੇ ਮਗਰ ਕਨੌੜਾ ਕਹਾਉ। ਬੱਚੇ ਜੀ ਕਨੌੜਾ ਲਗ ਬੋਲਦਿਆਂ, ੩੩ ਅੱਖਰਾਂ ਨਾਲ ਕਨੌੜਾ ਲਾ ਕੇ ਬਾਰ ੨ ਲਿਖਣ, ਹਰ ਅੱਖਰ ਨਾਲ਼ ਕਨੌੜਾ ਬਾਰ ੨ ਬੋਲਣ। ਕਨੌੜੇ ਨਾਲ ਲਗਾਖਰ ਬਿੰਦੀ ਵਰਤੀਦੀ ਹੈ।ਸੁਣੋ ਪਰੇਮ ਬੇਨਤੀ ਕਰ ਗੌਰ। ਘਰੋ ਘਰੀ ਪਰੇਮੀਓ ਕਰੋ ਗੁਰਬਾਣੀ ਨੂੰ ਚੌਰ। ਤਿਆਗੋ ਪੋਲੇ ਗੱਦੇ ਪੈਣਾ, ਨ ਦੁਖੇ ਢੂਹੀ ਨ ਦੁਖਣ ਮੌਰ। ਭੂਲ ਨ ਬੋਲੀਏ ਬਚਨ ਕੌੜੇ, ਭੂਲ ਨ ਖਾਈਏ ਤਲ਼ੇ ਪਕੌੜੇ। ਜਪੀਏ ਨਾਮ ਜਮ ਨ ਮਾਰੇ ਹਥੌੜੇ। ਤਿਆਗੀਏ ਹੰਗਤਾ ਹੋਈਏ ਨ ਚੌੜੇ।ਮੁਹੌ,ਜੀਭੌ।ਸੌਂਹ ਸੱਸੇ ਦੇ ਸੱਜੇ ਪਾਸੇ ਹਾਹਾ ਮੁਕਤਾ ਹੈ,ਸੱਸੇ ਦਾ ਕਨੌੜਾ ਦੀਰਘ ਭਾਵ ਲੰਮਾ ਲੌਂਗ ਬੋਲ ਕੇ,ਹਾਹਾ ਮੁਕਤਾ ਲਘੂ ਸੰਕੋਚ ਕੇ ਹੀ ਬੋਲੋ,ਹਾਹੇ ਨੂੰ ਸਿਹਾਰੀ ਨ ਲੱਗੇ।ਸੌਂਹਿ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ,ਸੱਸੇ

ਦਾ ਕਨੌੜਾ ਦੀਰਘ ਭਾਵ ਲੰਮਾ ਬੋਲ ਕੇ,ਹਾਹੇ ਨੂੰ ਸਿਹਾਰੀ ਲਘੂ ਸੰਕੋਚ ਕੇ ਹੀ ਬੋਲੋ।ਸੌਹੁ ਸੱਸੇ ਦੇ ਸੱਜੇ ਪਾਸੇ ਹਾਹੇ ਨੂੰ ਔਂਕੜ ਹੈ,ਸੱਸੇ ਦਾ ਕਨੌੜਾ ਦੀਰਘ ਭਾਵ ਲੰਮਾ ਬੋਲ ਕੇ,ਹਾਹੇ ਦਾ ਔਂਕੜ ਛੋਟੀ ਲਗ ਸੰਕੋਚ ਕੇ ਹੀ ਬੋਲੋ ਇਨ੍ਹਾਂ ਦਸ ਲਗਾਂ 'ਚੋਂ(ਮੁਕਤਾ)(ਸਿਹਾਰੀ ਿ)(ਔਂਕੜ ੁ)ਤਿੰਨ ਲਗਾਂ ਲਘੂ ਭਾਵ ਛੋਟੀਆਂ ਹਨ,ਇਨ੍ਹਾਂ ਨੂੰ ਲਘੂ ਛੋਟੀਆਂ ਜਾਣ ਕੇ,ਸੰਕੋਚ ਕੇ ਹੀ ਬੋਲੋ,ਜਿਤਨੀ ਲਘੂ ਬੋਲਣੀ ਚਾਹੀਦੀ ਹੈ।ਲਘੂ ਬੋਲਣ ਲੱਗਿਆਂ ਜ਼ੋਰ ਲਾ ਕੇ ਇਤਨੀ ਛੇਤੀ ਭੀ ਨਹੀਂ ਬੋਲਣੀ,ਜਿਸ ਨਾਲ ਅੱਖਰ ਦਾ ਵਜ਼ਨ ਘਟੇ ਤੇ ਲਘੂ ਘੱਟ ਬੋਲੀ ਜਾਵੇ।ਸੋ ਲਘੂ ਬੋਲਣ ਲੱਗਿਆਂ,ਅੱਖਰ ਦਾ ਵਜ਼ਨ ਤੇ ਲਘੂ ਲਗ ਘੱਟ ਭੀ ਨਹੀਂ ਲਾਉਣੀ,ਬੋਲਣ ਲੱਗਿਆਂ ਲਘੂ ਦੀਰਘ ਤੇ ਇੱਕੋ ਜਿਹਾ ਜ਼ੋਰ ਲਾਉਣਾ ਜੀ।ਜਿੱਥੇ ੨ ਜਿਵੇਂ ੨ ਸਤਿਗੁਰੂ ਸੱਚੇ ਸਾਹਿਬ ਜੀ ਨੇ ਲਗ ਲਾਈ ਹੈ,ਉੱਥੇ ੨,ਪੂਰਨ ਸ਼ਰਧਾ ਸਤਿਕਾਰ ਖ਼ਿਆਲ ਸਹਿਤ,ਉਸੇ ਤਰ੍ਹਾਂ ਹੀ ਬੋਲਣੀ} {(ਕੰਨਾ ਾ)(ਬਿਹਾਰੀ ੀ)(ਦੁਲੈਂਕੜੇ ੂ)(ਲਾਂ ੇ)(ਦੁਲਾਂ ੈ)(ਹੋੜਾ ੋ)(ਕਨੌੜਾ ੌ)ਸੱਤ ਲਗਾਂ ਦੀਰਘ,ਲੰਬੀਆਂ ਹਨ।ਇਨ੍ਹਾਂ ਨੂੰ ਦੀਰਘ ਜਾਣ ਕੇ ਲੰਮੀਆਂ ਹੀ ਬੋਲਣੀਆਂ।

ਸੋ ਮੁਕਤੇ ਸਿਹਾਰੀ ਔਂਕੜ ਦੀ ਅਵਾਜ਼ ਲੰਮੀ ਨਹੀਂ ਬੋਲਣੀ।ਜੇਕਰ ਪਾਠਕ ਜੀ ਨੂੰ(ਦੀਰਘ)ਲੰਮੀ ਭਾਵ ਵੱਡੀ,(ਲਘੂ)ਛੋਟੀ ਲਗ ਬਾਰੇ ਪਤਾ ਹੀ ਨਹੀਂ,ਤਾਂ ਉਹ ਛੋਟੀ ਲਗ ਨੂੰ ਲੰਬੀ,ਲੰਬੀ ਨੂੰ ਛੋਟੀ ਬੋਲੇਗਾ।ਸੰਥਾ ਸ਼ੁੱਧੀ ਤੋਂ ਬਿਨਾ ਉਸ ਦੀਆਂ ਬੇਅੰਤ ਹੀ ਗ਼ਲਤੀਆਂ ਹੋਣਗੀਆਂ।ਜਿੱਥੇ ਦੀਰਘ ਤੋਂ ਬਾਅਦ ਲਘੂ ਆਉਂਦਾ ਹੈ।ਉੱਥੇ(ਦੀਰਘ)ਲੰਮੀ,(ਲਘੂ) ਛੋਟੀ ਬੋਲਣੀ।ਜਿਵੇਂ ਦੇਹ,ਖੇਹ ਲਾਂ ਦੀਰਘ ਬੋਲ ਕੇ,ਹਾਹਾ ਮੁਕਤਾ ਸੰਕੋਚ ਕੇ ਹੀ ਬੋਲਣਾ।ਦੇਹ ਖੇਹ ਦੇ ਹਾਹਿਆਂ ਨੂੰ ਸਿਹਾਰੀ ਲਾ ਕੇ ਨਹੀਂ ਬੋਲਣਾ।ਜਿਵੇਂ(ਗਾਹ)ਗੱਗੇ ਦਾ ਕੰਨਾ ਲੰਮਾ ਬੋਲ ਕੇ ਹਾਹਾ ਮੁਕਤਾ ਬੋਲੋ,ਹਾਹੇ ਨੂੰ ਕੰਨਾ ਨਹੀਂ ਲਾਉਣਾ(ਕੰਨਾ ਾ)(ਬਿਹਾਰੀ ੀ)(ਦੁਲੈਂਕੜੇ ੂ)(ਲਾਂ ੇ)(ਦੁਲਾਂ ੈ)(ਹੋੜਾ ੋ)(ਕਨੌੜਾ ੌ)ਸੱਤ ਲਗਾਂ 'ਚੋਂ ਕੋਈ ਭੀ ਲਗ,ਜਿਸ ਅੱਖਰ ਨੂੰ ਲੱਗੀ ਹੋਵੇ,ਉਸ ਅੱਖਰ ਤੋਂ ਬਾਅਦ ਉਸ ਅੱਖਰ ਦੇ ਸੱਜੇ ਪਾਸੇ,ਮੁਕਤਾ ਸਿਹਾਰੀ ਜਾਂ ਔਂਕੜ ਕੋਈ ਭੀ ਲਘੂ ਲਗ ਆਵੇ,ਉਸ ਨੂੰ ਸੰਕੋਚ ਕੇ ਹੀ ਬੋਲਣਾ,ਪਹਿਲੀ ਦੀਰਘ ਲਗ ਲੰਮੀ ਬੋਲਣੀ।ਜਿਵੇਂ ਸਾਹ,ਸੱਸੇ ਨੂੰ ਕੰਨਾ ਹੈ।(ਕੰਨੇ ਾ)ਦੇ ਸੱਜੇ ਪਾਸੇ ਹਾਹਾ ਮੁਕਤਾ ਹੈ।ਸੱਸੇ ਦਾ ਕੰਨਾ ਲੰਮਾ ਬੋਲ ਕੇ,ਹਾਹਾ ਮੁਕਤਾ ਬੋਲੋ,ਹਾਹੇ ਨੂੰ ਕੰਨਾ ਨਹੀਂ ਲਾਉਣਾ ਚਾਹੀਦਾ ਜੀ।ਸਾਹਿ,ਸੱਸੇ ਨੂੰ ਕੰਨਾ ਹੈ।(ਕੰਨੇ ਾ)ਦੇ ਸੱਜੇ ਪਾਸੇ ਹਾਹੇ ਨੂੰ ਸਿਹਾਰੀ ਹੈ।ਸੱਸੇ ਦਾ ਕੰਨਾ ਲੰਮਾ ਬੋਲ ਕੇ,ਹਾਹੇ ਨੂੰ ਸਿਹਾਰੀ ਸੰਕੋਚ ਕੇ ਹੀ ਬੋਲਣੀ,ਲੰਬੀ ਨਹੀਂ ਬੋਲਣੀ,ਲੰਬੀ ਬੋਲਣ ਨਾਲ ਲਾਂ ਦੀ ਅਵਾਜ਼ ਆਵੇਗੀ।ਹੇਠਲੀ ਪੌੜੀ 'ਚ ਹਰੇਕ ਤੁਕ ਨਾਲ ਈੜੀ ਨੂੰ ਸਿਹਾਰੀ

ਹੈ,ਧਿਆਇਐ ਗਾਇਐ ਆਇਐ ਵਸਾਇਐ ਗਵਾਇਐ ਪਾਇਐ ਦਿਵਾਇਐ ਛਾਇਐ,ਖ਼ਿਆਲ ਨਾਲ ਸਿਹਾਰੀ ਹੀ ਉਚਾਰਨੀ,ਕਈ ਪ੍ਰੇਮੀ ਬਿਹਾਰੀ ਲਾ ਕੇ ਗ਼ਲਤ ਬੋਲਦੇ ਹਨ।ਪਉੜੀ॥ਹੋਵੈ ਸੁਖੁ ਘਣਾ;ਦਯਿ ਧਿਆਇਐ॥ਵੰਞੈ ਰੋਗਾ ਘਾਣਿ;ਹਰਿ ਗੁਣ ਗਾਇਐ॥ਅੰਦਰਿ ਵਰਤੈ ਠਾਢਿ;ਪ੍ਰਭਿ ਚਿਤਿ ਆਇਐ॥ਪੂਰਨ ਹੋਵੈ ਆਸ;ਨਾਇ ਮੰਨਿ ਵਸਾਇਐ॥ਕੋਇ ਨ ਲਗੈ ਬਿਘਨੁ;ਆਪੁ ਗਵਾਇਐ॥ਗਿਆਨ ਪਦਾਰਥੁ ਮਤਿ;ਗੁਰ ਤੇ ਪਾਇਐ॥ਤਿਨਿ ਪਾਏ ਸਭੇ ਥੋਕ;ਜਿਸੁ ਆਪਿ ਦਿਵਾਇਐ॥ਤੂੰ ਸਭਨਾ ਕਾ ਖਸਮੁ;ਸਭ ਤੇਰੀ ਛਾਇਐ॥)ਹੁਕਮੈ ਅੰਦਰਿ.ਸਭੁ ਕੋ;ਬਾਹਰਿ ਹੁਕਮ ਨ ਕੋਇ॥(ਬਾਹਰਿ)ਰਾਰੇ ਨੂੰ ਸਿਹਾਰੀ ਹੈ, ਜੇ ਬੇਖ਼ਿਆਲੀ ਕਰੀਏ,ਤਾਂ ਹਾਹੇ ਨੂੰ ਸਿਹਾਰੀ.ਬਾਹਿਰ..ਗ਼ਲਤ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਸੱਚੇ ਸਰੂਪ ’ਚ(ਬਾਹਰਿ)ਦੇ ਹਾਹੇ ਨੂੰ ਸਿਹਾਰੀ ਕਿਤੇ ਭੀ ਨਹੀਂ।

ਮਤੁ ਨਿਰਗੁਣ.ਹਮ ਮੇਲੈ ਕਬਹੂੰ;ਅਪੁਨੀ ਕਿਰਪਾ ਧਾਰਿ॥(ਮੇਲੈ)ਲੱਲੇ ਨੂੰ ਦੁਲਾਵਾਂ ਲਾਵੋ।ਮੇਲੈ ਕਸ ਕੇ ਬੋਲੋ।ਮੈਲੇ ਗ਼ਲਤ ਹੈ।ਪ੍ਰਿਤਿਪਾਰ ਜਿਹੜੇ ਅੱਖਰ ਹੇਠਾਂ ਅੱਧਾ ਰਾਰਾ ਹੋਵੇ,ਉਸ ਅੱਖਰ ਦੀ ਲਗ ਅੱਧੇ ਰਾਰੇ ਨੂੰ ਲੱਗਦੀ ਹੈ।

ਸੋ ਪਰ੍ਿਤਿਪਾਰ ਪੱਪਾ ਮੁਕਤਾ,ਅੱਧੇ ਰਾਰੇ ਨੂੰ ਸਿਹਾਰੀ ਲਾਉਣੀ,ਅੱਗੇ ਤੱਤੇ ਨੂੰ ਸਿਹਾਰੀ ਲਾਉਣੀ।

ਪਰ੍ਿਤਿਪਾਰ,ਅੱਧੇ ਰਾਰੇ ਨੂੰ ਪੋਲਾ ਬੋਲਣਾ।ਅੰਮ੍ਰਿਤਿ ਅੰਮਰ੍ਿਤਿ,ਐੜੇ ਟਿੱਪੀ ਮ ਮੁਕਤਾ,ਅੱਧੇ ਰਾਰੇ ਨੂੰ ਸਿਹਾਰੀ ਲਾਉਣੀ,ਅੱਗੇ ਤੱਤੇ ਨੂੰ ਸਿਹਾਰੀ ਲਾਉਣੀ।ਕਈ ਪ੍ਰੇਮੀਆਂ ਨੂੰ ਤਾਂ ਇਹ ਆਦਤ ਹੀ ਪੱਕ ਚੁੱਕੀ ਹੈ ਕਿ ਉਹ ਦੁਲਾਵਾਂ ਨੂੰ ਲਾਂ ਹੀ ਬੋਲਦੇ ਹਨ।ਇਹ ਗ਼ਲਤੀ ਬਹੁਤ ਹੀ ਜ਼ਿਆਦਾ ਹੈ,ਇਸ ਨੂੰ ਠੀਕ ਕਰਨ ਲਈ ਐ ਸੈ ਹੈ।ਕੈ ਖੈ ਗੈ ਘੈ ਙੈ।ਚੈ ਛੈ ਜੈ ਝੈ ਞੈ।ਟੈ ਠੈ ਡੈ ਢੈ ਣੈ।ਤੈ ਥੈ ਦੈ ਧੈ ਨੈ।ਪੈ ਫੈ ਬੈ ਭੈ ਮੈ।ਯੈ ਰੈ ਲੈ ਵੈ ੜੈ। ਅਪਣੇ ਟੀਚਰ ਨੂੰ ਸੁਣਾਉ,ਸ਼ੁੱਧ ਬੋਲ ੨ ਕੇ ਬਾਰ ੨ ਅਭਿਆਸ ਕਰਕੇ ਪੂਰਨ ਸ਼ੁੱਧੀ ਕਰਕੇ ਧਿਆਨ ਨਾਲ ਦੁਲਾਵਾਂ ਲਾਉ।ਜੇ ਕਿਸੇ ਨੂੰ ਲਾਂ ਦੀ ਥਾਂ, ਦੁਲਾਂ ਬੋਲਣ ਦੀ ਪੱਕੀ ਆਦਤ ਹੋਵੇ,ਉਹ ਭੀ ਹੇਠਾਂ ਲਿਖੀ ਕੇਵਲ ਲਾਂ ਨੂੰ ਬਾਰ ੨ ਪਕਾਵੇ,ਜਿਸ ਕਰਕੇ ਲਾਂ ਮੂੰਹ.’ਤੇ ਚੜ੍ਹ ਜਾਵੇ, ਭਾਵੇਂ ਹਜ਼ਾਰ ਵਾਰੀ ਬੋਲ ਲਵੇ ਤਾਂ ਭੀ ਥੋੜੀ ਹੈ।ਏ ਸੇ ਹੇ।ਕੇ ਖੇ ਗੇ ਘੇ ਙੇ।ਚੇ ਛੇ ਜੇ ਝੇ ਞੇ।ਟੇ ਠੇ ਡੇ ਢੇ ਣੇ।ਤੇ ਥੇ ਦੇ ਧੇ ਨੇ।ਪੇ ਫੇ ਬੇ ਭੇ ਮੇ।ਯੇ ਰੇ ਲੇ ਵੇ ੜੇ।ਤੱਕ ਅਪਣੇ ਉਸਤਾਦ ਨੂੰ ਸੁਣਾਵੇ,ਬਾਰ ੨ ਸੁਣਾ ਕੇ ਅਭਿਆਸ ਕਰਕੇ ਗ਼ਲਤੀ ਦੀ ਸੋਧ ਵਿਸ਼ੇਸ਼ ਧਿਆਨ ਨਾਲ ਕਰੇ,ਤਾਂ ਹੀ ਪਰਮਪਵਿੱਤ੍ਰ ਪਰਮਪੂਜਨੀਕ ਗੁਰਬਾਣੀ ਸਾਹਿਬ ਜੀ ਦਾ ਪੂਰਨ ਅਦਬ ਸਤਿਕਾਰ ਸੱਚਾ

ਪਿਆਰ ਹੈ ਜੀ।ਜੇ ਕੋਈ ਪ੍ਰੇਮੀ ਪੱਪੇ ਨੂੰ ਫੱਫਾ ਬੋਲੇ ਤਾਂ ਪੱਪੇ ਦੀ ਮੁਹਾਰਨੀ ਬੋਲ ਕੇ ਪੱਪਾ ਮੂੰਹ ਤੇ ਚਾੜ੍ਹੇ।ਜਿਹੜਾ ਅੱਖਰ ਗ਼ਲਤ ਹੋਵੇ,ਉਸ ਦੀ ਮੁਹਾਰਨੀ ਬੋਲ ਕੇ ਸ਼ੁੱਧ ਪਕਾਉਣਾ।ਙ ਞ ਣ ਨ ਦੀਆਂ ਸ਼ੁੱਧ ਅਵਾਜ਼ਾਂ ਪਕਾਉ।ਙ ਙੰਙਾ ਉਚਾਰਨ ਕੰਠ,ਨੱਕ ਤੋਂ ਹੁੰਦਾ ਹੈ,ਞ ਞੰਞਾ,ਤਾਲੂ ਤੇ ਨੱਕ ਤੋਂ ਉਚਾਰੋ,ਣ ਣਾਣਾ,ਮੂੰਹ ਦੀ ਛੱਤ ਤੇ ਨਾਸਿਕਾਂ ਤੋਂ ਉਚਾਰੋ,ਨ ਨੰਨਾ,ਜੀਭ ਤਾਲ਼ੂ,ਨੱਕ ਦੁਆਰਾ ਉਚਾਰੋ।

## ੨. ਇਕੱਲੀ-੨ ਲਗ:- ਪਰਮਪੂਜਨੀਕ ਸੱਚੇ ਪਿਤਾ ਵਾਹਿਗੁਰੂ ਜੀ ਦੇ ਅਰਥ- ਸ਼ਹੀਦੀ ਜਾਪ



ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ! ਹੁਣ ਉੱਬਲਦੀ ਦੇਗ ’ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ ’ਤੇ ਬੈਠ ਰਹੇ ਹਨ, ਮੱਚਦਾ ੨ ਰੇਤਾ ਅਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ ’ਤੇ ਹੁਣ ਪੁਆ ਰਹੇ ਹਨ, ਹੁਣ ਮੱਚਦੀ ੨ ਲੋਹ ’ਤੇ ਖੜ੍ਹ ਰਹੇ ਹਨ।



ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਤੇਗ਼ ਬਹਾਦਰ ਸਾਹਿਬ ਜੀ ਧੰਨ ਹਨ। ਲੋਹੇ ਦੇ ਤੰਗ ਪਿੰਜਰੇ ’ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਹੁਣ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਹੁਣ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦਾ ਸ਼ਹੀਦ ਹੋਇਆ ਸੀਸ ਹੁਣ ਦਾਸਨ ਦਾਸੀ ਦੇ ਸਿਰ ‘ਤੇ ਸਜ ਰਿਹਾ ਹੈ।



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਅਤੇ ਦਸਾਂ ਸਤਿਗੁਰਾਂ ਦੀ ਜਾਗਦੀ ਜੋਤਿ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਜੁੱਗੋ ਜੁੱਗ ਅਟੱਲ ਗੁਰਤਾ ਬਿਰਾਜਮਾਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ। ਕੋਟਾਨ ਕੋਟ ਨਮਸਕਾਰ!



ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਬਾਬਾ ਪਰਮਵੀਰ ਬਹਾਦਰ ਸੂਰਬੀਰ ਸਤੀਰਾਮ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਰੂੰ ’ਚ ਲਪੇਟ ਕੇ ਸਾੜ ਰਹੇ ਹਨ। ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਸਨਮੁਖ ਹੁਣ ਸ਼ਹੀਦੀ ਪਾ ਰਹੇ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਪਰਮ ਸ਼ਹੀਦ ਧੰਨ ਬਾਬਾ ਜੀਵਨ ਸਿੰਘ ਸਾਹਿਬ ਜੀ ਭਾਈ ਜੈਤਾ ਜੀ! ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪਵਿੱਤ੍ਰ ਨਿਰੰਕਾਰੀ ਸੀਸ ਨੂੰ, ਅਪਣੇ ਸੀਸ ’ਤੇ ਸਜਾ ਕੇ, ਦਿੱਲੀਓਂ ਸ੍ਰੀ ਅਨੰਦਪੁਰ ਸਾਹਿਬ ਜੀ ਨੂੰ, ਹੁਣ ਲਿਜਾ ਰਹੇ ਹਨ, ਸ੍ਰੀ ਅਨੰਦਪੁਰ ਸਾਹਬਿ ਜੀ ਤਿਆਗਣ ਮਗਰੋਂ, ਸਰਸਾ ਨਦੀ ਨੇੜੇ, ਜ਼ਾਲਮਾਂ ਦਾ ਪੁਰਜਾ ੨ ਕੱਟ ਕੇ, ਆਪਣਾ ਅੰਗ ੨ ਕਟਵਾ ਕੇ, ਨਾਨਕ, ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥ ਅਨੁਸਾਰ ਹੁਣ ਸ਼ਹੀਦੀ ਪਾ ਰਹੇ ਹਨ।



ਲਾਹੌਰ ਵਿਖੇ ਬੱਚਿਆਂ ਨੂੰ ਨੇਜ਼ਿਆਂ ’ਤੇ ਟੰਗਵਾ ਕੇ
’ਚ ਹਾਰ ਪੁਆ, ਪੂਰਨ ਪ੍ਰੀਤ ਪ੍ਰਤੀਤ ਨਾਲ ਭੁੱਖੀ
ਸਬਰ ਸ਼ੁਕਰ ਨਾਲ ਸਵਾ ੨ ਮਣ ਪੀਸ ਕੇ ਪੂ
ਸਤਿਗੁਰਾਂ ਦੇ ਸਨਮੁਖ ਸਿਦਕ ਨਿਭਾ ਪਤੀਬ੍ਰਤਾ,
ਦ੍ਰਿੜ ਹੁਣ ਸ਼ਹੀਦੀਆਂ ਪਾ ਰਹੀਆਂ ਹਨ। ਧੰਨ ਧੰ
ਪਰਮਪੂਜਨੀਕ ਵਾਹਿਗੁਰੂ ਬੀਬੀਆਂ ਕਮਾਈ



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਗੁਰਮੁਖਿ ਸਨਮੁਖ ਧੰਨ ਬਾਬਾ ਦੀਪ ਸਿੰਘ ਸਾਹਿਬ ਜੀ! ਹੁਣ ਆਪਣਾ ਸੀਸ ਤਲੀ 'ਤੇ ਰੱਖ ਕੇ, ਮੱਚਦੇ ਧਰਮ ਯੁੱਧ ਚ, ਸ੍ਰੀ ਹਰਿਮੰਦਰ ਸਾਹਿਬ ਜੀ 'ਤੇ ਚੜ੍ਹ ਕੇ ਆਏ ਜ਼ਾਲਮਾਂ ਦੇ ਹੁਣ ਡੱਕਰੇ ੨ ਕਰ ਰਹੇ ਹਨ।



ਧੰਨ ਧੰਨ ਧੰਨ ਪਰਮਵੀਰ ਪੂਰਨ ਬ੍ਰਹਮਗਿਆਨੀ ਧ
ਮਨੀ ਸਿੰਘ ਸਾਹਿਬ ਜੀ! ਪਰਮਪੂਜਨੀਕ ਸਤਿ
ਸਾਹਿਬਾਨ ਜੀ ਦੇ ਪਿਆਰ ਸਤਿਕਾਰ ਸਿਮਰਨ '
ਹੁਣ ਬੈਠ ਰਹੇ ਹਨ, ਜ਼ਾਲਮ ਹੁਣ ਆਪ ਜੀ ਦਾ ਬੰ
ਰਹੇ ਹਨ।



ਧੰਨ ਧੰਨ ਧੰਨ ਪਰਮਵੀਰ ਗੁਰਮੁਖਿ ਗੰਭੀਰ ਸਨਮੁਖ ਸ਼ਹੀਦ ਬਾਬਾ ਸੁੱਖਾ ਸਿੰਘ ਬਾਬਾ ਮਹਿਤਾਬ ਸਿੰਘ ਸਾਹਿਬ ਜੀ! ਅਤਿ ਪਾਪੀ ਵਿਕਾਰੀ ਹੰਕਾਰੀ ਮੱਸੇਰੰਘੜ ਦਾ ਹੰਕਾਰੀ ਸਿਰ, ਹੁਣ ਵੱਢ ਰਹੇ ਹਨ। ਸਿਰ ਵੱਢ ਕੇ, ਬਰਛੇ 'ਤੇ ਟੰਗ ਕੇ, ਘੋੜਿਆਂ 'ਤੇ ਅਸਵਾਰ, ਬੁੱਢੇ ਜੌਹੜ ਨੂੰ ਜੈਕਾਰੇ ਗੱਜਾਉਂਦੇ ਲਿਜਾ ਰਹੇ ਹਨ।



ਧੰਨ ਧੰਨ ਧੰਨ ਗੁਰਮੁਖਿ ਵਾਹਿਗੁਰੂ ਪਰਮਵੀਰ ਬਹਾਦਰ ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਧੰਨ ਬਾਬਾ ਫ਼ਤੇਹ ਸਿੰਘ ਸਾਹਿਬ ਜੀ! ਜਿਉਂਦਿਆਂ ੨ ਨੂੰ ਹੀ, ਸਰਹਿੰਦ ਵਿਖੇ, ਜ਼ਾਲਮ ਜ਼ੁਲਮੀ ਕੰਧ ਦੀ ਨੀਂਹ 'ਚ, ਹੁਣ ਖੜ੍ਹੇ ਕਰਕੇ, ਉੱਪਰ ਕੰਧ ਚਿਣ ਰਹੇ ਹਨ। ਵੇਪਰਵਾਹੀ ਨਾਲ ਜੈਕਾਰੇ ਗੱਜਾਉਂਦਿਆਂ ਦੇ, ਸੀਸ ਉਤਾਰੇ ਜਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਬਹਾਦਰ ਧੰਨ ਬਾਬਾ ਮਤੀਦਾਸ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ ਤਿੱਖੇ ਆਰੇ ਨਾਲ ਚੀਰ ਰਹੇ ਹਨ। ਪਿਆਰੀ ਸਿੱਖੀ ਅਤੇ ਸੱਚੇ ਸਤਿਗੁਰਾਂ ਲਈ, ਆਪਣਾ ਤਨ ਹੁਣ ਚਿਰਵਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਪਰਮਵੀਰ ਗੁਰੂ ਕੇ ਸੂਰਬੀਰ ਬਹਾਦਰ ਧੰਨ ਬਾਬਾ ਦਿਆਲਾ ਸਾਹਿਬ ਜੀ! ਚਾਂਦਨੀ ਚੌਂਕ ਦਿੱਲੀ ਵਿਖੇ, ਸੰਤ ਦੋਖੀ ਜ਼ਾਲਮ, ਆਪ ਜੀ ਨੂੰ ਹੁਣ, ਦੇਗ਼ ’ਚ ਉਬਾਲ ਰਹੇ ਹਨ।

ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰਾਂ ਦੇ ਦਿਲ ਜਾਨ ਪਿਆਰੇ ਸਤਿਕਾਰੇ ਸ਼ਹੀਦ, ਹਮੇਸ਼ਾ ਹੀ ਪਰਮਪਵਿੱਤ੍ਰ ਸ਼ੁਭ ਸੱਚੀ ਗੁਰ ਸੇਵਾ ਕਰਨ ਦਾ ਉਤਸ਼ਾਹ ਬਖ਼ਸ਼ਦੇ ਹਨ। ਪਰਮਪੂਜਨੀਕ ਸ਼ਹੀਦਾਂ ਦੀ ਸ਼ਹੀਦੀ ਦੇ ਦ੍ਰਿਸ਼ ਨੂੰ ਵਰਤਮਾਨ ਸਮੇਂ ਚ ਵਰਤਦਾ ਜਾਣ ਕੇ, ਦਿਮਾਗ਼ ’ਚ ਤੱਕਣਾ, ਇਸ ਤਰ੍ਹਾਂ ਅਭਿਆਸ ਕਰਕੇ ਹਰ ਸਮੇਂ ਦਿਮਾਗ਼ ਚ ਤੱਕਣਾ ਨਮਸਕਾਰਨਾ, ਕੁਰਬਾਨੀ ਬਹੁਤ ਹੀ ਵੱਡੀ ਹੈ, ਨਮਸਕਾਰ! ਪਰਮਪੂਜਨੀਕ ਸੱਚੇ ਪਿਤਾ ਵਾਹਿਗੁਰੂ ਜੀ ਦੇ ਅਰਥ:-



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਮੋਤੀ ਮੈਹਰਾ ਜੀ! ਸੱਚੇ ਸਤਿਗੁਰਾਂ ਦੇ ਪਰਮਪੂਜਨੀਕ ਮਾਤਾ ਗੁਜਰੀ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਾਲਮਾਂ ਤੋਂ ਚੋਰੀ ਦੁੱਧ ਪਿਆ ਰਹੇ ਹਨ, ਮੋਤੀ ਮੈਹਰੇ ਜੀ ਨੂੰ ਪ੍ਰਵਾਰ ਸਮੇਤ ਜ਼ਾਲਮ ਹੁਣ ਕੋਹਲੂ ਚ ਪੀੜ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਟੋਡਰਮੱਲ ਸਾਹਿਬ ਜੀ! ਪਰਮਪੂਜਨੀਕ ਬ੍ਰਿਧ ਮਾਤਾ ਗੁਜਰੀ ਕੌਰ ਜੀ ਛੋਟੇ ਸਾਹਿਬਜ਼ਾਦਿਆਂ ਜੀ ਦੇ ਸਤਿਕਾਰ ਸਸਕਾਰ ਲਈ, ਖੜੀਆਂ ਮੋਹਰਾਂ ਵਿਛਾ ਕੇ, ਉਨ੍ਹਾਂ ਦਾ ਹੁਣ ਸਸਕਾਰ ਕਰ ਰਹੇ ਹਨ।



ਧੰਨ ਧੰਨ ਧੰਨ ਬਾਬਾ ਉਦੇ ਸਿੰਘ ਸਾਹਿਬ ਜੀ ਹੁਣ ਹੰਕਾਰੀ ਕੇਸਰੀ ਚੰਦ ਦੀ ਫ਼ੌਜ਼ ਚ ਉਸ ਦਾ ਸਿਰ ਵੱਢ ਰਹੇ ਹਨ। ਸਿਰ ਨੂੰ ਬਰਛੇ 'ਤੇ ਟੰਗ ਕੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਚਰਨਕਮਲਾਂ ਪਾਸ ਸੁੱਟ ਰਹੇ ਹਨ।

ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਪਿਆਰੇ ਮੋਹਕਮ ਸਿੰਘ ਸਾਹਿਬ ਜੀ! ਸਤਿਗੁਰੂ ਸਾਹਿਬ ਜੀ ਦੀ ਬਖ਼ਸ਼ੀਸ਼ ਨੂੰ ਪ੍ਰਾਪਤ ਹੋ ਕੇ, ਘੋੜੇ 'ਤੇ ਅਸਵਾਰ, ਜਸਵਾਰੀਆਂ ਦੇ ਸ਼ਰਾਬੀ ਹਾਥੀ ਦਾ ਸੁੰਡ ਹੁਣ ਵੱਢ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਮਹਾਂ ਸਿੰਘ ਸਾਹਿਬ ਜੀ, ਗੁਰੂ ਹਿਤ ਧਰਮਯੁੱਧ ਜਿਤ ਕੇ ਅਪਣੇ ਸ੍ਰੀਰ 'ਤੇ ਬੇਅੰਤ ਫੱਟ ਸਹਾਰ ਕੇ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਤੋਂ ਹੁਣ ਬਿਦਾਵਾ ਪੜਵਾ ਰਹੇ ਹਨ, ਬਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ, ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥ (੬੫੯) ਬਖ਼ਸ਼ਿਸ਼ਾਂ ਪਾ ਰਹੇ ਹਨ।

ਧੰਨ ਧੰਨ ਧੰਨ ਪਰਮਪੂਜਨੀਕ ਬਾਬਾ ਦਾਨ ਸਿੰਘ ਸਾਹਿਬ ਜੀ, ਮਾਇਆ ਦਾ ਲਾਲਚ ਤਿਆਗ ਕੇ, ਗੁਪਤਸਰ ਸਾਹਿਬ ਜੀ ਵਿਖੇ ਹੁਣ ਵਿਦਾਵਾ ਦੇਣ ਵਾਲਿਆਂ ਦੀ ਟੁੱਟੀ ਪ੍ਰੀਤ ਗੰਢਵਾ ਰਹੇ ਹਨ। ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥ ਗੁਰਬਾਣੀ ਕਮਾ ਰਹੇ ਹਨ।



ਪਰਮਪੂਜਨੀਕ ਵਾਹਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਅਤਿਅੰਤ ਪਿਆਰੇ ਹਜ਼ਰਤ ਮੁਬਾਰਕ ਧੰਨ ਬਾਬਾ ਨਬੀ ਖਾਂ ਅਤੇ ਗਨੀ ਖਾਂ ਸਾਹਿਬ ਜੀ, ਸੱਚੇ ਸਤਿਗੁਰੂ ਸਾਹਿਬ ਜੀ ਦੇ ਪਲੰਘੇ ਨੂੰ ਅਪਣੇ ਮੋਢਿਆਂ 'ਤੇ ਚੁੱਕ ਕੇ, ਸ੍ਰੀ ਮਾਛੀਵਾੜੇ ਸਾਹਿਬ ਜੀ ਤੋਂ ਪਿੰਡ ਹੇਰਾਂ (ਲੁਧਿਆਣਾ) ਨੂੰ ਲਿਆ ਰਹੇ ਹਨ। ਵਾਹ ੩ ਸੱਚੇ ਸਤਿਗੁਰਾਂ ਦੀਆਂ ਪਰਮਪਵਿੱਤ੍ਰ ਖ਼ੁਸ਼ੀਆਂ ਪਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਪੀਰ ਬੁੱਧੂਸ਼ਾਹ ਸਾਹਿਬ ਜੀ! ਹੁਣ ਭੰਗਾਣੀ ਦੇ ਧਰਮਯੁੱਧ ਵਿਖੇ, ਬਾਲਾਨ ਬਾਲ॥ ਵਾਹਿਗੁਰੂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪੱਖ ਚ ਅਪਣੇ ਮੁਰੀਦਾਂ ਸਮੇਤ ਬਹਾਦਰੀ ਨਾਲ ਲੜ ਰਹੇ ਹਨ, ਅਪਣੇ ਪ੍ਰਵਾਰ ਸਮੇਤ ਸਤਿਗੁਰੂ ਸਾਹਿਬ ਜੀ ਲਈ ਸ਼ਹੀਦੀ ਪਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ ਬਾਬਾ ਨਗਾਹੀਆ ਸਿੰਘ ਸਾਹਿਬ ਜੀ! ਹੁਣ ਸੱਚੇ ਸਤਿਗੁਰਾਂ ਨੂੰ ਅਪਣੇ ਘੋੜੇ 'ਤੇ ਬਿਠਾ ਰਹੇ ਹਨ, ਸਤਿਗੁਰੂ ਸਾਹਿਬ ਜੀ ਨੂੰ ਘੋੜਾ ਅਰਪਣ ਤੋਂ, ਜ਼ਾਲਮ ਮੁਗਲ ਬਾਬੇ ਜੀ ਦੇ ਪ੍ਰਵਾਰ ਨੂੰ ਹੁਣ ਸ਼ਹੀਦ ਕਰ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਵਾਹਿਗੁਰੂ, ਪੰਜ ਪਿਆਰੇ ਜੀ ਸਤਿਗੁਰੂ ਸਾਹਿਬ ਜੀ ਨੂੰ ਹੁਣ ਅਪਣੇ ਨਿਰਮਲ ਪਰਮਪਵਿੱਤ੍ਰ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਬਲਵਾਨ ਸੀਸ ਭੇਟਾ ਕਰ ਰਹੇ ਹਨ, ਉੱਚੇ ਰੁੱਤਬੇ ਪਾ ਰਹੇ ਹਨ, ਸੱਚੇ ਪਾਤਿਸ਼ਾਹ ਜੀ ਤੋਂ ਅੰਮ੍ਰਿਤ ਛਕ ਕੇ, ਸੱਚੇ ਪਾਤਿਸਾਹ ਜੀ ਨੂੰ ਅੰਮ੍ਰਿਤ ਛਕਾ ਰਹੇ ਹਨ।



ਸ੍ਰੀ ਭੰਗਾਣੀ, ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਚਮਕੌਰ ਸਾਹਿਬ, ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮਯੁੱਧਾਂ ਚ ਸੱਚੇ ਪਾਤਿਸ਼ਾਹ ਜੀ ਦੇ ਪਿਆਰੇ ਹੁਣ ਬੇਅੰਤ ਫੱਟ ਸਹਾਰ ਕੇ ਹੁਣ ਸ਼ਹੀਦੀਆਂ ਪਾ ਰਹੇ ਹਨ।



ਧੰਨ ਧੰਨ ਧੰਨ ਪਰਮਪੂਜਨੀਕ ਬਾਬਾ ਬੰਦਾ ਸਿੰਘ ਬਹਾਦਰ ਸਾਹਿਬ ਜੀ! ਹੁਣ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਦੁਲਾਰੇ ਦੁੱਧ ਦੰਦੀਆਂ ਵਾਲੇ ਲਾਲਾਂ ਦੇ ਕਾਤਲ ਮਹਾਂ ਪਾਪੀ ਦੁਸ਼ਟ ਹੰਕਾਰੀ ਵਜ਼ੀਦੇ ਨੂੰ ਹੁਣ ਮਾਰ ਰਹੇ ਹਨ, ਹੁਣ ਮਹਾਂ ਨੀਚ ਮਹਾਂ ਚੰਡਾਲ ਝੂਠੇ ਨੰਦ ਦੇ ਨੱਕ ਚ ਨਕੇਲ ਪਾ ਕੇ ਘੱਗਰੀ ਪਾ ਕੇ ਨਚਾ ਰਹੇ ਹਨ, ਹੁਣ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਰਹੇ ਹਨ, ਹੁਣ ਬਜ਼ਾਰਾਂ ਚ ਹਲ਼ ਚਲਵਾ ਰਹੇ ਹਨ, ਪੂਰੇ ਗੁਰਾਂ ਦੇ ਸ਼ੁਭ ਅਮੋਲਕ ਬਚਨ ਕਮਾ ਰਹੇ ਹਨ, ਸਰਹਿੰਦ ਦੇ ਕਿਲੇ ’ਤੇ ਹੁਣ ਸ੍ਰੀ ਕੇਸਰੀ ਨਿਸ਼ਾਨ ਸਾਹਿਬ ਜੀ ਝੁਲਾ ਰਹੇ ਹਨ, ਸੰਢੌਰੇ ਦੇ ਜ਼ਾਲਮ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਰਹੇ ਹਨ। ਗੁਰੂ ਪੰਥ ਜੀ ਤੋਂ ਵਾਹ! ਵਾਹ! ਪਾ ਰਹੇ ਹਨ, ਦਿੱਲੀ ਜਾ ਕੇ ਆਪਣੀ ਸ਼ਹੀਦੀ ਪਾ ਰਹੇ ਹਨ।

੩.ਪਰਮਪੂਜਨੀਕ ਵਾਹਿਗੁਰੂ ਮਹੱਲੇ ਦਸਵੇਂ ਜੀ ਦੀ ਅਤਿਅੰਤ ਪਿਆਰੀ ਸ਼ੁਭ ਸੰਤਾਨ:- ਪਰਮਪੂਜਨੀਕ ਚਾਰੇ ਸਾਹਿਬਜ਼ਾਦੇ ਸ਼ਹੀਦ,ਸ਼ੁਭ (ਨਾਦੀ) ਉਪਦੇਸ਼ ਲੈਣ ਵਾਲੇ ਪਰਮਪੂਜਨੀਕ ਗੁਰੂ ਖ਼ਾਲਸਾ ਪੰਥ ਜੀ। ਬਾਬਾ ਅਜੀਤ ਸਿੰਘ ਸਾਹਿਬ ਜੀ। ਬਾਬਾ ਜੁਝਾਰ ਸਿੰਘ ਸਾਹਿਬ ਜੀ।ਬਾਬਾ ਜੋਰਾਵਰ ਸਿੰਘ ਸਾਹਿਬ ਜੀ, ਬਾਬਾ ਫ਼ਤੇਹ ਸਿੰਘ ਸਾਹਿਬ ਜੀ ਨੇ ਸਰਹੰਦ ਵਿਖੇ ਜ਼ੁਲਮੀ ਕੰਧ ਦੀ ਨੀਂਹ ਚ ਚਿਣਵਾ ਕੇ, ਪਰਮਪੂਜਨੀਕ ਦਾਦੇ ਜੀ ਦੇ ਪਾਏ ਪੂਰਨਿਆਂ ’ਤੇ ਚੱਲ ਕੇ, ਅਪਣੇ ਸੀਸ ਕੁਰਬਾਨ ਕਰਕੇ ਸ਼ਹੀਦੀ ਪਾਈ।

੪.ਗੁਰਮੁਖੀ ਮਹਿਮਾ- ਪਰਮਪੂਜਨੀਕ ਗੁਰਮੁਖੀ ਜੀ ਦੀ ਮਹਿਮਾ:- ਗੁਰਬਾਣੀ ਵਾਹਿਗੁਰੂ ਜੀ ਦੀ ਪ੍ਰਾਪਤੀ, ਗੁਰਬਾਣੀ ਪੜ੍ਹਨ ਸੁਣਨ ਲਿਖਣ ਵੀਚਾਰਨ, ਨਿੱਤਨੇਮ ਕਥਾ ਕੀਰਤਨ ਦਾ ਵਿਸ਼ੇਸ਼ ਅਨੰਦ ਗੁਰਮੁਖੀ ਚ ਹੀ ਪ੍ਰਾਪਤ ਹੁੰਦਾ ਹੈ। ਗੁਰਮੁਖੀ ’ਚ ਹੀ ਸ਼ੁੱਧ ਉਚਾਰਨ ਹੋ ਸਕਦਾ ਹੈ। ਗੁਰਮੁਖੀ ਸਿੱਖ ਕੇ, ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਖ਼ਸ਼ੇ ਗੁਰਬਾਣੀ ਕਥਾ ਕੀਰਤਨ ਭਜਨ ਸਿਮਰਨ ਬੰਦਗੀ ਬੇਅੰਤ ਸ਼ੁਭ ਗੁਣ ਪ੍ਰਾਪਤ ਕਰੋ, ਬੱਚਿਆ ਨੂੰ ਕਰਾਉ, ਜਮਾਂ ਜੂਨਾਂ ਤੋਂ ਬਚੋ ਬਚਾਉ।

ਸਭ ਤੇ ਵਡਾ ਸਤਿਗੁਰੁ ਨਾਨਕੁ; ਸ਼ਾਂਤੀ ਖਿਮਾ ਸਹਿਜ ਧੀਰਜ ਪ੍ਰੇਮ ਅਨੇਕ ਸ਼ੁਭ ਗੁਣਾ ਦੇ ਸਾਗਰ ਅਨਤ ਕਲਾ ਦੇ ਮਾਲਕ, ਸਿੱਖ ਧਰਮ ਦੇ ਬਾਨੀ, ਪਾਰਬ੍ਰਹਮ ਕੇ ਗੁਰ ਅਵਤਾਰ ਹੋਣ ਕਾਰਨ, ਆਪ ਜੀ ਨੇ ਆਪਣੀ ਗੁਰਮੁਖੀ ਲਿੱਪੀ ਰਚੀ। (ਗੁਰ+ਮੁਖੀ) ਮੁਖੀ ਗੁਰੂ ਪਹਿਲੇ ਪਾਤਿਸ਼ਾਹ ਜੀ ਦੇ ਮੁਖਾਰਬਿੰਦ ਤੋਂ ਪ੍ਰਗਟਣੇ ਕਰਕੇ, ਇਸ ਲਿੱਪੀ ਦਾ ਨਾਮ ਗੁਰਮੁਖੀ ਹੈ। ਆਪ ਜੀ ਨੇ ਪੈਂਤੀ ਅੱਖਰ ਲਗਾਂ ਦੀਆਂ ਸ਼ਕਲਾਂ, ਉਨ੍ਹਾਂ ਦੀਆਂ ਅਵਾਜ਼ਾਂ ਬਣਾ ਕੇ, ਆਪਣੀ ਵੱਖਰੀ ਵਰਣਮਾਲਾ ਕਾਇਮ ਕੀਤੀ, ਸੰਸਾਰ ਭਰ ਦੀਆਂ ਸਾਰੀਆਂ ਬੋਲੀਆਂ ਤੋਂ ਸ੍ਰੇਸ਼ਟ ਹੈ। ਇਸ ਚ ਆਪਣੀ ਅੰਮ੍ਰਿਤ ਰੂਪ ਪਰਮਪਵਿੱਤ੍ਰ ਪਰਮਪੂਜਨੀਕ ਸੱਚੇ ਗੁਰਬਾਣੀ ਜੀ ਉਚਾਰ ਕੇ, ਇਸ ਨੂੰ ਹੋਰ ਭੀ ਪਰਮਪਵਿੱਤ੍ਰ ਸਰਬੋਤਮ ਬਣਾ ਦਿਤਾ। ਜੈਸੇ ਇੱਕ ਤਾਂ ਸੰਪੂਰਨ ਗੁਰਾਂ ਦੀ ਰਚੀ ਕਰਕੇ, ਅਪਣੇ ਆਪ ਚ ਸੰਪੂਰਨ ਹੈ, ਦੂਜਾ ਇਸ ਚ ਅੰਮ੍ਰਿਤ ਰੂਪ ਧੁਰਾਂ ਦੇ ਸੱਚੇ ਗੁਰਬਾਣੀ ਜੀ ਉਚਾਰੇ ਹਨ। ਯਥਾ:- ਸਸੈ.ਸੋਇ ਸ੍ਰਿਸਟਿ ਜਿਨਿ ਸਾਜੀ; ਸਭਨਾ ਸਾਹਿਬੁ ਏਕੁ ਭਇਆ॥ ਸ੍ਰੀ ਗੁਰੂ ਨਾਨਕ ਪ੍ਰਕਾਸ਼ ਚ ਜ਼ਿਕਰ ਆਉਂਦਾ ਹੈ ਕਿ ਜਦੋਂ ਭਾਈ ਬਾਲਾ ਜੀ, ਲਾਲਾਪਨੂੰ ਖਡੂਰੀਆ, ਸਤਿਗੁਰੂ ਜੀ ਦੇ ਚਾਚੇ ਲਾਲਚੰਦ ਜੀ ਤੋਂ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਦੀ ਅਵਤਾਰ ਪੱਤ੍ਰੀ ਲਿਆਏ, ਤਾਂ ਸਤਿਕਾਰ ਲਈ ਸਤਿਗੁਰੂ ਦੂਜੇ ਪਾਤਿਸ਼ਾਹ ਜੀ ਨੇ ਭਾਰੀ ਪ੍ਰਸੰਨ ਹੋ ਕੇ, ਗੁਰਤਾ ਸਿੰਘਾਸਣ ਤੋਂ ਉੱਠ ਕੇ, ਪੂਰਨ ਅਦਬ

ਸ਼ਰਧਾ ਸਤਿਕਾਰ ਪਿਆਰ ਨਾਲ, ਅਵਤਾਰ ਪੱਤ੍ਰੀ ਨੂੰ ਅਪਣੇ ਸੀਸ 'ਤੇ ਰੱਖ ਕੇ ਕਿਹਾ, "ਹੇ ਪਿਆਰਿਓ! ਤੁਸੀਂ ਦਾਸਨਦਾਸ ਨੂੰ ਪ੍ਰੀਤਮ ਜੀ ਦੇ ਦਰਸ਼ਨ ਹੀ ਕਰਵਾ ਦਿਤੇ ਹਨ।" ਦੇਵਨਾਗਰੀ ਅੱਖਰਾਂ ਚ ਦੇਖ ਕੇ ਹੁਕਮ ਕੀਤਾ, "ਐਸਾ ਕੌਣ ਪ੍ਰੇਮੀ ਹੈ, ਜੋ ਦੋਵੇਂ ਭਾਸ਼ਾ ਜਾਣਦਾ ਹੋਵੇ, ਇਸ ਨੂੰ ਪਰਮਪੂਜਨੀਕ ਗੁਰਮੁਖੀ ਅੱਖਰਾਂ ਚ ਲਿਖ ਦੇਵੇ।" ਤਦੋਂ ਪ੍ਰੇਮੀਆਂ ਨੇ ਦੱਸਿਆ ਕਿ ਸੁਲਤਾਨਪੁਰੀਆ ਪੈੜਾਮੋਖਾ ਨਾਮੇ ਇੱਕ ਸਿੱਖ ਹੈ, ਜਿਸ ਨੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੀ ਮਹਾਨ ਸਤਿਸੰਗਤ ਸੇਵਾ ਕਰਕੇ ਗੁਰਮੁਖੀ ਚ ਬ੍ਰਹਮਵਿੱਦਿਆ ਸਿੱਖੀ ਹੈ। ਯਥਾ:- ਸੋਰਠਾ॥ ਸਤਿਗੁਰ ਕ੍ਰਿਪਾ ਨਿਧਾਨ; ਗੁਰੂ ਨਾਨਕ ਜਗੁ ਬਿਦਤ ਜੱਬ॥ ਸੰਗਤ ਕੀਨ ਮਹਾਨ; ਜਾਨੀ ਬਿੱਦਿਆ ਵਰਨ ਤੱਬ॥ (ਸ੍ਰੀ ਨਾ:ਪ੍ਰ:) ਉਪ੍ਰੋਕਤ ਇਤਿਹਾਸਕ ਪ੍ਰਮਾਣਾਂ ਅਨੁਸਾਰ ਗੁਰਮੁਖੀ ਅੱਖਰ ਪਹਿਲੇ ਪਾਤਿਸਾਹ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਹੀ ਰਚੇ, ਅੱਗੇ ਪੜ੍ਹਾਏ।

੧.ਗੁਰਮੁਖੀ ਮਹਿਮਾ, ਮੁਕਤ ਮਾਰਗ ਗ੍ਰੰਥ ਚੋਂ:- ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਰਮਪਵਿੱਤ੍ਰ ਪਰਮਪੂਜਨੀਕ ਸੱਚੇ ਚਰਨ-ਕਮਲਾਂ ਵਿਖੇ, ਸਿੱਖਾਂ ਨੇ ਪ੍ਰੇਮ ਬੇਨੰਤੀ ਕੀਤੀ, "ਹੇ ਗ੍ਰੀਬ ਨਿਵਾਜ ਸੱਚੇ ਪਾਤਿਸ਼ਾਹ ਜੀ! ਈਰਖਾਲੂ, ਗੁਰਮੁਖੀ ਦੀ ਨਿੰਦਿਆ ਕਰਦੇ ਹਨ। ਸਹਸਕ੍ਰਿਤੀ ਨੂੰ ਦੇਵ ਬਾਣੀ ਆਖਦੇ ਹਨ।" ਬਚਨ ਹੋਇਆ, "ਹੇ ਭਾਈ! ਸੰਸਕ੍ਰਿਤ ਦੇਵਤਿਆਂ ਦੀ ਅਰਾਧਨਾ ਕਰਕੇ ਪ੍ਰਗਟ ਹੋਈ ਹੈ, ਗੁਰਮੁਖੀ ਸਿੱਖਾਂ ਪਿਆਰਿਆਂ ਦੇ ਪ੍ਰੇਮ ਕਰਕੇ ਪ੍ਰਗਟ ਹੋਈ ਹੈ। ਦੇਵਤੇ ਅਵਤਾਰਾਂ ਨੂੰ ਪੂਜਦੇ ਹਨ, ਅਵਤਾਰ ਦੇਵਤਿਆਂ ਨੂੰ ਤੁੱਛ ਜਾਣਦੇ ਹਨ। ਹੇ ਸਿੱਖੋ! ਗੁਰੂ ਪ੍ਰਮੇਸਰ ਜੀ (ਸਰਬੱਗ) ਪੂਰਨ ਗਿਆਨਵਾਨ ਭੰਨਣ ਘੜਨ ਸਮਰੱਥ ਹਨ, ਦੇਵਤੇ (ਅਲਪੱਗ) ਛੋਟੀ ਗਿਆਤ ਵਾਲੇ ਹਨ। ਤੁੱਛ ਮਤਿ ਵਾਲੇ ਪਸ਼ੂ ਮਨੁੱਖ ਹਨ, ਜੋ ਗੁਰਮੁਖੀ ਨੂੰ ਨਿੰਦਦੇ ਹਨ। ਗੁਰੂ ਜੀ ਨੇ ਸ੍ਰਬੱਤ ਦੇ ਭਲੇ ਲਈ, ਗੁਰਮੁਖੀ ਅੱਖਰ ਸੁਖਾਲੇ ਬਣਾਏ ਹਨ। ਕਲਯੁੱਗੀ ਜੀਵਾਂ ਦੇ ਉਧਾਰ ਲਈ, ਮੁਕਤ ਭੁਗਤ ਦੇਵਣੇ ਵਾਲੇ ਹਨ। ਇਨ੍ਹਾਂ 'ਤੇ ਭਰੋਸਾ ਰੱਖੋ, ਇਹੀ ਸੰਸਾਰ ਤੋਂ ਪਾਰ ਕਰਨਗੇ।"

੨. ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨਰਬਦਾ ਨਦੀ ਕਿਨਾਰੇ ਪੂਰਨ ਅਨੰਦ ਸਮੇਤ ਬੈਠੇ ਹਨ। ਸਿੱਖਾਂ ਅਰਜ਼ ਕੀਤੀ, "ਹੇ ਸੱਚੇ ਗੁਰੂ ਸਾਹਿਬ ਜੀ! ਸਹਸਕ੍ਰਿਤੀ ਚੰਗੀ ਹੈ ਜਾਂ ਗੁਰਮੁਖੀ?" ਗੁਰੂ ਜੀ ਨੇ ਹੁਕਮ ਕੀਤਾ, "ਹੇ ਪਿਆਰਿਓ! ਤੁਸੀਂ ਹਮੇਸ਼ਾ ਗੁਰਬਾਣੀ ਜੀ, ਗੁਰਮੁਖੀ ਲਿੱਪੀ ਚ ਹੀ ਪੜ੍ਹਿਆ ਕਰੋ। ਗੁਰਮੁਖੀ ਅੱਖਰਾਂ ਚ ਗੁਰਮੁਖੀ ਹੰਸ ਬੋਲੀ ਹੈ, ਪੜ੍ਹਨ ਨਾਲ ਅਰਥ ਸੌਖਾ ਭਾਸ ਜਾਂਦਾ ਹੈ, ਬੇਸਮਝ ਭੀ ਸਮਝ ਜਾਂਦਾ ਹੈ। ਜੇ ਕੋਈ ਬਾਰਾਂ ਵਰ੍ਹੇ ਕਾਂਸ਼ੀ ਵਿਖੇ, ਸੰਸਕ੍ਰਿਤ

ਵਿੱਦਿਆ, ਵਿਆਕਰਣ ਦੇ ਖਟ ਅੰਗ ਪੜ੍ਹੇ, ਫਿਰ ਭੀ ਦੂਜੇ ਨੂੰ ਸਮਝ ਨਹੀਂ ਆਉਂਦੀ, ਕੇਵਲ ਅਪਣੇ ਆਪ ਹੀ ਸਮਝ ਸਕੇਗਾ, ਉਹ ਭੀ ਜੇ ਲਿਆਕਤ ਵਾਲਾ ਹੋਵੇ, ਇਹ ਖੂਹ ਦੇ ਪਾਣੀ ਵਾਂਗ ਹੈ। ਗੁਰਮੁਖੀ ਅੱਖਰਾਂ ਚ ਪੰਜਾਬੀ ਬੋਲੀ ਵਰਖਾ ਦੇ ਜਲ ਵਾਂਗ ਸੁਖਦਾਇਕ ਹੈ। ਜੇ ਸਹਸਕ੍ਰਿਤੀ ਪੜ੍ਹਨ ਚ ਪੂਰਾ ਫ਼ਾਇਦਾ ਹੁੰਦਾ, ਤਾਂ ਪਰਮਪੂਜਨੀਕ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਗੁਰਮੁਖੀ ਦੀ ਸਿਰਜਣਾ ਹੀ ਨ ਕਰਦੇ, ਪੂਰਨ ਗੁਰੂ ਜੀ ਨੇ ਗੁਰਬਾਣੀ ਚ, ਭਾਉ ਭਗਤੀ ਅਨੇਕ ਸ਼ੁੱਭ ਗੁਣ ਫ਼ੁਰਮਾਏ ਹਨ। ਆਪ ਜੀ ਨੇ ਗੁਰਮੁਖੀ ਅੱਖਰਾਂ ਚ ਗੁਰਬਾਣੀ ਪੜ੍ਹਨੀ ਲਿਖਣੀ ਵੀਚਾਰਨੀ ਹੈ ਇਹੋ ਹੀ ਸਰਬੱਤ ਦੇ ਭਲੇ ਦਾ ਸੱਚਾ ਸੁੱਚਾ ਉੱਚਾ ਧਰਮ ਹੈ। ਸਤਿਜੁੱਗ ਤ੍ਰੇਤਾ ਦੁਆਪੁਰ ਚ ਗੁਰਬਾਣੀ ਪ੍ਰਾਪਤ ਨਹੀਂ ਸੀ, ਸਹਸਕ੍ਰਿਤੀ ਭਾਸ਼ਾ ਪੜ੍ਹਨ ਨਾਲ ਭੇਦ ਨਹੀਂ ਸੀ ਖੁਲ੍ਹਦਾ।ਅਕਾਲ ਪੁਰਖੁ ਜੀ ਦਾ ਹੁਕਮ ਮੰਨ ਕੇ, ਸਤਿਗੁਰੂ ਨਾਨਕ ਨਿਰੰਕਾਰੀ ਜੀ ਨੇ ਗੁਰਮੁਖੀ ਅੱਖਰਾਂ ਚ, ਪਰਮਪੂਜਨੀਕ ਸੱਚੇ ਗੁਰਬਾਣੀ ਜੀ ਨੂੰ ਸ਼ਸ਼ੋਭਤ ਕੀਤਾ, ਤਾਂ ਪੜ੍ਹ ਸੁਣ ਕੇ ਸਭ ਨੂੰ ਅਰਥ ਸਮਝਣ ਲੱਗੇ। ਵੇਦਾਂ ਸ਼ਾਸਤ੍ਰਾਂ ਦੇ ਪੜ੍ਹਨ ਵਾਲਿਆਂ ਨੂੰ ਈਰਖਾ ਫੁਰਦੀ ਹੈ, ਕਿ ਗੁਰਮੁਖੀ ਸ਼ੂਦ੍ਰੀ ਲਿੱਪੀ ਹੈ। ਹੇ ਪ੍ਰੇਮੀਓ! ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਮ੍ਰਿਤ ਸੱਚੇ ਗੁਰਬਾਣੀ ਜੀ ਪੜ੍ਹਨ ਸੁਨਣ ਨਾਲ ਪ੍ਰੇਮ ਵੈਰਾਗ ਵਧਦਾ ਹੈ, ਵਾਹਿਗੁਰੂ ਜੀ ਪ੍ਰਗਟ ਹੁੰਦੇ ਹਨ। ਸ਼ਾਸਤ੍ਰ ਪੜ੍ਹਨ ਨਾਲ ਵੈਰਾਗ ਘਟਦਾ ਹੈ।"

੩. ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਦਸਵੀਂ ਜੋਤਿ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਸੱਚੇ ਪਾਤਿਸ਼ਾਹ ਜੀ ਨੇ ਸ੍ਰੀ ਦਮਦਮੇ ਸਾਹਿਬ ਜੀ ਵਿਖੇ, ਕਲਮਾਂ ਘੜ ੨ ਕੇ ਲਿਖਣਸਰ ਸ੍ਰੋਵਰ ਚ ਸੁੱਟੀਆਂ, ਹੁਕਮ ਕੀਤਾ, "ਜੋ ੨ ਭੀ ਗੁਰਸਿੱਖ ਮਾਈ ਭਾਈ ਇੱਥੇ ਆਉਣ, ਭਾਵੇਂ ਮੰਨੇ ਪ੍ਰਮੰਨੇ ਵਿੱਦਵਾਨ ਭੀ ਕਿਉਂ ਨ ਹੋਣ, ਤਾਂ ਭੀ ਉਹ ਗੁਰਮੁਖੀ ਪੈਂਤੀ ਅੱਖਰ ਲਿਖਣ, ਕਿਉਂਕਿ ਗੁਰਮੁਖੀ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਾਜੀ ਹੈ। ਇਸ ਲਈ ਗੁਰਮੁਖੀ ਪੈਂਤੀ ਲਿਖਣ ਦੀ ਮਹਾਨ ਮਹਾਨਤਾ ਹੈ। ਇਸ ਤੋਂ ਹਰ ਇੱਕ ਨੂੰ ਗੁਰਮੁਖੀ ਅੱਖਰਾਂ ਦੀ ਮਹਾਨਤਾ ਪ੍ਰਾਪਤ ਹੁੰਦੀ ਹੈ। ਸੱਚੇ ਪਾਤਿਸ਼ਾਹ ਜੀ ਦੇ ਮਨ ਚ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਰਚੀ ਮਿੱਠੀ ਪਿਆਰੀ ਬੋਲੀ ਨਾਲ ਕਿਤਨਾ ਅਥਾਹ ਪਿਆਰ ਸਤਿਕਾਰ ਹੈ। ਭਾਵੇਂ ਦੁਨੀਆਂ 'ਤੇ ਬਿਅੰਤ ਹੀ ਧਰਮ ਅਤੇ ਮਹਾਂਪੁਰਸ਼ ਹੋਏ ਹਨ, ਪਰ ਕਿਸੇ ਨੇ ਭੀ ਆਪਣੀ ਰਚੀ ਲਿੱਪੀ ਦੀ ਪੈਂਤੀ ਲਿਖਣ ਨੂੰ ਨਹੀਂ ਕਿਹਾ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਹਨ! ਇਸ ਲਈ ਬੱਚਿਆਂ ਨੂੰ ਗੁਰਮੁਖੀ ਪੜ੍ਹਾਉਣੀ ਅਤੀ ਹੀ ਜ਼ਰੂਰੀ ਹੈ, ਤਾਂ ਜੋ ਉਹ ਸ਼ੁੱਧ ਬਾਣੀ

ਪੜ੍ਹ ਸਕਣ। ਪੜ੍ਹਾਉਣ ਵਾਲੇ ਪ੍ਰੇਮੀ ਮੁਹਾਰਨੀ ਚੰਗੀ ਤਰ੍ਹਾਂ ਸ਼ੁੱਧ ਪੜ੍ਹਾਉਣ, ਜਿਸ ਕਰਕੇ ਸ਼ੁੱਧ ਪੜ੍ਹਨ ਤੇ ਗੁਰਬਾਣੀ ਗੁਰੂ ਜੀ ਦਾ ਸਤਿਕਾਰ ਹੋਵੇ। ਲਗਾਂ ਦੀ ਪੂਰੀ ਸ਼ੁੱਧੀ ਬਿਨਾ ਗੁਰਬਾਣੀ ਜੀ ਸ਼ੁੱਧ ਨਹੀਂ ਪੜ੍ਹੇ ਜਾ ਸਕਦੇ।

੪. ਸੱਚਖੰਡ ਵਾਸੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ, ਸ੍ਰੀ ਹਜ਼ੂਰ ਸਾਹਿਬ ਜੀ ਵਿਖੇ, ਗੋਦਾਵਰੀ ਕਿਨਾਰੇ 'ਤੇ ਅੰਮ੍ਰਿਤ ਵੇਲੇ ਹੱਥ ਮਾਂਜ ਰਹੇ ਸਨ। ਗੜਵਈ ਸੁਵਰਨ ਸਿੰਘ ਜੀ ਨੇ ਪੁੱਛਿਆ,"ਬਾਬਾ ਜੀ! ਨਦੀ ਚ ਖੜ੍ਹਾ ਸਿੰਘ, ੳ ਅ ਪੈਂਤੀ ਅੱਖਰ ਬਾਰ ੨ ਕਿਉਂ ਪੜ੍ਹ ਰਿਹਾ ਹੈ?" ਤਾਂ ਆਪ ਜੀ ਨੇ ਕਿਹਾ, "ਗੁਰਮੁਖਾ! ਇਹ ਬ੍ਰਹਮਗਿਆਨੀ ਬਾਬਾ ਮਿੱਤ ਸਿੰਘ ਜੀ ਹਨ, ਜਿਨ੍ਹਾਂ ਦੀ ਸੁਰਤੀ, ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਪਰਮਪੂਜਨੀਕ ਸੱਚੇ ਚਰਨਕਮਲਾਂ ਚ ਚੁਭੀ ਹੋਈ ਹੈ। ਇਨ੍ਹਾਂ ਦਾ ਪ੍ਰੇਮ ਹੈ ਕਿ ਗੁਰਮੁਖੀ ਦੇ ਪੈਂਤੀ ਅੱਖਰ, ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ ਮੁੱਖੋਂ ਨਿਕਲੇ ਹਨ, ਇਸ ਲਈ ਬਾਰ ੨ ਨਮਸਕਾਰ ਕਰਕੇ ਪੜ੍ਹਦੇ ਹਨ।" ਇਹ ਸੁਣ ਕੇ ਗੜਵਈ ਵਿਸਮਾਦ ਹੋ ਗਿਆ। ਸੋ ਬਾਬਾ ਮਿੱਤ ਸਿੰਘ ਜੀ ਨੇ ਗੁਰਮੁਖੀ ਅੱਖਰਾਂ ਦੀ ਮਹਾਨ ਮਹਾਨਤਾ ਜਣਾ ਕੇ, ਸੰਸਾਰ ਨੂੰ ਗੁਰਮੁਖੀ ਪੜ੍ਹਨ ਦਾ ਸੰਦੇਸ਼ ਦਿਤਾ। ਗੁਰਮੁਖੀ ਲਿੱਪੀ ਅਪਣੇ ਆਪ ਚ ਸੰਪੂਰਨ ਲਿੱਪੀ ਹੈ। ਹਰ ਬੋਲੀ ਦਾ ਉਚਾਰਣ ਪੈਂਤੀ ਅੱਖਰੀ ਚੋਂ ਮਿਲਦਾ ਹੈ। ਇਸ ਨੂੰ ਛੱਡ ਕੇ ਹੋਰ ਭਾਸ਼ਾਂ ਪੜ੍ਹਾਉਣ ਨਾਲ ਬੱਚੇ ਗੁਰਬਾਣੀ ਜੀ ਦੀ ਪ੍ਰਾਪਤੀ ਨਹੀਂ ਕਰ ਸਕਦੇ, ਸਗੋਂ ਚੰਚਲ ਹੋ ਜਾਂਦੇ ਹਨ। ਗੁਰਮੁਖੀ ਅੱਖਰ ਪੜ੍ਹ ਪੜ੍ਹਾ ਕੇ, ਗੁਰਬਾਣੀ ਜੀ ਦੀਆਂ ਲਗਾਂ ਚੇਤੇ ਕਰਨ ਦੇ ਕ੍ਰੋੜਾਂ ਹੀ ਪੁੰਨ, ਆਤਮ ਸੁਖ ਟਿਕਾਅ ਫ਼ਲ ਹਨ। ਜਿਹੜਾ ਪੂਰਨ ਅਨੰਦ ਗੁਰਮੁਖੀ ਅੱਖਰਾਂ ਚ ਗੁਰਬਾਣੀ ਪੜ੍ਹਨ ਸੁਣਨ, ਕਥਾ ਕੀਰਤਨ ਦੀ ਪਰਮਪਵਿੱਤ੍ਰ ਮਹਾਂ ਪਿਆਰੀ ਮਿੱਠੀ ਸੱਚੀ ਧੁਨਿ ਚ ਹੈ, ਉਹ ਹੋਰ ਬੋਲੀ 'ਚ ਨਹੀਂ ਹੋ ਸਕਦਾ। ਇਸ ਲਈ ਪ੍ਰੇਮੀ ਉਤਸ਼ਾਹ ਪ੍ਰੇਮ ਪਿਆਰ ਸਤਿਕਾਰ ਨਾਲ ਗੁਰਮੁਖੀ ਪੜ੍ਹ ਕੇ ਗੁਰਬਾਣੀ ਜੀ ਦੀ ਸੰਥਾ ਕਰਕੇ, ਅਰਥ ਵੀਚਾਰ ਕੇ, ਕਥਾ ਕੀਰਤਨ ਕਰਕੇ, ਕਥਾ ਕੀਰਤਨ ਸਿਖਾਅ ਕੇ, ਗੁਰਬਾਣੀ ਜੀ ਦੀ ਸੰਥਾ ਕਰਾ ਕੇ, ਗੁਰਤਾ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ ਤੋਂ ਹਰ ਸਮੇਂ ਅਪਣੇ ਧਿਆਨ ਸੁਰਤ ਦਿਲ ਦਿਮਾਗ਼ ਚ ਗੁਰਬਾਣੀ ਜੀ ਪ੍ਰਾਪਤ ਕਰਕੇ, ਗੁਰੂ ਪ੍ਰੇਮਾ-ਭਗਤੀ ਸਹਿਤ ਨਿਰਗੁਨ ਸਰਗੁਨ ਦੀ ਏਕਤਾ ਪ੍ਰਾਪਤ ਕਰਕੇ ਨਿਹਾਲ ਹੋਣ, ਸਤਿਗੁਰੂ ਸਾਹਿਬ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

੫. ਪਾਰਬ੍ਰਹਮ ਕੇ ਗੁਰ ਅਵਤਾਰ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੇ, ਪੂਰਨ ਬ੍ਰਹਮਗਿਆਨੀ ਬਾਬੇ ਮਾਧੋਦਾਸ ਜੀ ਨੂੰ ਗੁਰਸਿੱਖੀ ਦੇ ਸ਼ੁਭ ਸੱਚੇ ਧਰਮ ਪ੍ਰਚਾਰ

ਲਈ ਕਸ਼ਮੀਰ ਭੇਜਿਆ। ਪੰਡਤਾਂ ਨੇ ਗੁਰਮੁਖੀ 'ਤੇ ਤਰਕ ਕੀਤੀ ਤਾਂ ਪਰਮਪੂਜਨੀਕ ਬਾਬੇ ਜੀ ਕਿਹਾ, "ਤੁਸੀਂ ਸੰਸਕ੍ਰਿਤ ਦੇ ਅਰਥ ਪੜ੍ਹਾਵੋਂਗੇ ਜਾਂ ਅੱਗੇ ਸੁਣਾਵੋਂਗੇ, ਉਹ ਭੀ ਗੁਰਮੁਖੀ ਲਿੱਪੀ ਚ ਹੀ ਪੜ੍ਹਾਵੋਂਗੇ । ਇਸ ਲਈ ਗੁਰਮੁਖੀ ਬਿਨਾ ਸਰ ਨਹੀਂ ਸਕਦਾ। ਵੇਦਾਂ ਨੂੰ ਭਗਵਾਨ ਜੀ ਦੇ ਸੁਆਸ ਮੰਨਦੇ ਹੋਂ, ਕੋਟਿ ਬ੍ਰਹਮੰਡ ਨੂੰ ਰਚਨ ਵਾਲੇ ਸ੍ਰੀ ਭਗਵਾਨ ਜੀ ਨੇ, ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਅਵਤਾਰ ਧਾਰ ਕੇ, ਗੁਰਮੁਖੀ ਲਿੱਪੀ ਰਚ ਕੇ, ਇਸ ਚ ਗੁਰਬਾਣੀ ਜੀ ਉਚਾਰ ਕੇ, ਸ੍ਰਬੱਤ ਦਾ ਭਲਾ ਕੀਤਾ ਹੈ। ਹੇ ਗੁਰੂ ਪਿਆਰਿਓ! ਗੁਰਮੁਖੀ ਸਿੱਖੋ।"

੫.ਲਿਖਣ ਦਾ ਢੰਗ– ਪਰਮ ਸਤਿਕਾਰ ਯੋਗ ਟੀਚਰ ਜੀ ਪੂਰਨ ਮੇਹਰਵਾਨ ਉਦਮੀ ਤਰਸਵਾਨ ਸਾਵਧਾਨ ਹੋਣ। ਹਰੇਕ ਵਿਦਿਆਲੇ ਚ ਇਕੱਲਾ ੨ ਅੱਖਰ ਲਗ ਮੂਹਰੇ ਬੋਲ ਸ਼ਿਸ਼ ਨੂੰ ਮਗਰ ਬੁਲਾ ਕੇ, ਪ੍ਰੇਮ ਸਹਿਤ ਪੜ੍ਹਾਇਆ ਜਾਵੇ। ਇਕੱਲਾ ੨ ਅੱਖਰ ਲਗ ਬਾਰ ੨ ਸੁਣਿਆ ਜਾਵੇ। ਇਹ ਬਹੁਤ ਹੀ ਜ਼ਰੂਰੀ ਹੈ। ਬੱਚੇ ਨੂੰ ਅੱਖਰ ਲਗਾਂ ਬਾਰੇ ਪੂਰੀ ੨ ਜਾਣਕਾਰੀ ਦੇਵੋ। ਸੁੰਦਰ ਲਿਖਣਾ ਅਤੀ ਹੀ ਜ਼ਰੂਰੀ ਹੈ, ਕਿਉਂ ਜੋ ਸੁੰਦਰ ਲਿਖਣ ਸਮੇਂ ਦਿਲ ਦਿਮਾਗ ਨੇਤ੍ਰ ਸੁਰਤੀ ਗੁਰਬਾਣੀ ਗੁਰੂ ਜੀ ਨੂੰ ਪੂਰਨ ਗਹੁ ਨਾਲ ਤੱਕਦੇ ਹਨ, ਹੱਥ ਗੁਰਸਬਦ ਲਿਖ ਕੇ ਪਵਿੱਤ੍ਰ ਹੁੰਦੇ ਹਨ। ਸੁੰਦਰ ਲਿਖਾਈ ਤੋਂ ਬਿਨਾ ਸੰਥਾ ਅਧੂਰੀ ਹੈ। ਅਤਿਅੰਤ ਅਮੋਲਕ ਅਲੌਕਿਕ ਵਿਸਮਾਦ ਗੁਣਕਾਰੀ ਉਪਕਾਰੀ ਖ਼ਾਸ ਧਿਆਨ ਦੇ ਕੇ ਸੁਣਨ ਯੋਗ ਪ੍ਰੇਮ ਬੇਨਤੀ ਹੈ, ਜੋ ਹਰੇਕ ਬੱਚੇ ਨੂੰ ਛੋਟੀ ਉਮਰ ਚ ਟੀਚਰ, ਮਾਪੇ ਸੁੰਦਰ ਲਿਖਾਈ ਪ੍ਰਪੱਕ ਕਰਾਉਣ, ਜਿਸ ਕਰਕੇ ਛੋਟੀ ਉਮਰ ਤੋਂ ਹੀ ਅਤਿੰਅਤ ਸੁੰਦਰ ਸੋਹਣੀ ਲਿਖਾਈ ਬਣੇ। ਲੱਖਾਂ ਚ ਕੋਈ ਵਿਰਲਾ ਹੀ ਪ੍ਰੇਮੀ ਇਸ ਬੇਨਤੀ ਨੂੰ ਜਾਣਦਾ ਹੋਵੇਗਾ ਕਿ ਲਿਖਾਈ ਛਾਪੇ ਅਨੁਸਾਰ ਚਾਹੀਦੀ ਹੈ। ਕੋਈ ਵਿਰਲਾ ਪ੍ਰੇਮੀ ਛੱਡ ਕੇ, ਸਭ ਦੀ ਲਿਖਾਈ ਛਾਪੇ ਅਨੁਸਾਰ ਨਹੀਂ ਹੁੰਦੀ। ਜਿਵੇਂ ਰਫ਼ਤਾਰ ਦਸਤਾਰ, ਗੁਫ਼ਤਾਰ ਬੋਲਣ ਦਾ ਢੰਗ ਵੱਖ ੨ ਹੁੰਦਾ ਹੈ, ਇਸ ਤਰ੍ਹਾਂ ਸਭ ਦੀ ਲਿਖਾਈ ਭੀ ਵੱਖ ੨ ਹੀ ਹੁੰਦੀ ਹੈ। ਜੇ ਛਾਪੇ ਅਨੁਸਾਰ ਲਿਖਿਆ ਹੋਵੇ ਤਾਂ ਸਭ ਦੀ ਲਿਖਾਈ ਮਿਲਦੀ ਜੁਲਦੀ ਬਹੁਤ ਹੀ ਸੁੰਦਰ ਹੋਵੇ। ਸ਼ਿਸ਼ ਦੀ ਕਲਮ ਫੜ੍ਹ ਕੇ ਸੁਲੇਖ ਅਨੁਸਾਰ ਸਿੱਧੀ ਕਲਮ ਚਲਾਉਣ ਦਾ ਢੰਗ ਦੱਸੋ। ਨਿੱਕੇ ਬੱਚੇ ਨੂੰ ਅੱਖਰ ਲਿਖਣੇ ਸਿਖਾਉਣ ਤੋਂ ਪਹਿਲਾਂ ਲਕੀਰਾਂ ਵਾਲੀ ਕਾਪੀ 'ਤੇ ਖੱਬੇ ਤੋਂ ਸੱਜੇ ਨੂੰ ਸਿੱਧੀ ਲਕੀਰ ਖਿੱਚਣ ਦੀ ਮੇਹਨਤ ਕਰਵਾ ਕੇ, ਹੁਸ਼ਿਆਰ ਬਣਾਇਆ ਜਾਵੇ। ਅੱਖਰ ਦੇ ਆਰੰਭ ਦੀ ਲਕੀਰ ਜੋ ਖੱਬਿਉਂ ਸੱਜੇ ਨੂੰ ਖਿੱਚੀਦੀ ਹੈ, ਉਹ ਬਿਲਕੁਲ ਸਿੱਧੀ ਖਿੱਚਣੀ, ਜੋ ਅੱਖਰ

ਦੀ ਬੁਨਿਆਦ ਹੈ। ਜੇ ਇਹ ਲਕੀਰ ਵਿੰਗੀ ਹੋ ਗਈ, ਅੱਖਰ ਸੁੰਦਰ ਨਹੀਂ ਬਣੇਗਾ। ਇਸ ਲਕੀਰ ਤੋਂ ਹੇਠਾਂ ਨੂੰ ਲਕੀਰ, ਨੱਬੇ ਦਾ ਕੋਣ ਬਣਾ ਕੇ ਭਾਵ ਸਿੱਧੀ ਖਿੱਚਣੀ। ਛਾਪੇ ਦੇ ਅੱਖਰਾਂ ਅਨੁਸਾਰ ਅੱਖਰ ਲਿਖਣੇ ਚਾਹੀਦੇ ਹਨ। ਕੁੱਝ ਅੱਖਰਾਂ ਦੀਆਂ ਹੇਠਲੀਆਂ ਲਕੀਰਾਂ ਉੱਪਰਲੀ ਲਕੀਰ ਦੇ (ਪੈਰਲਲ) ਸਮਾਨਅੰਤਰ ਭਾਵ ਰੇਲ ਦੀ ਲਾਈਨ ਵਾਂਗ ਹੁੰਦੀਆਂ ਹਨ, ਜਿਵੇਂ ਸ ਜ ਦ ਚ ਆਦਿ। ਕੁੱਝ ਅੱਖਰ ਸੁਤੰਤ੍ਰ ਢੰਗ ਨਾਲ ਲਿਖੀਦੇ ਹਨ, ਜਿਵੇਂ ਲ ਵ ਘ ਆਦਿ।

ਬਿਲਕੁਲ ਅਨਜਾਣ ਸ਼ਿਸ਼ ਨੂੰ ਧਰਤੀ ਖੋਦ ਕੇ ਅੱਖਰ ਉੱਕਰ ਦੇਣੇ, ਜਾਂ ਚੰਗੀ ਧਾਤ ਚ ਅੱਖਰ ਉੱਕਰੇ ਜਾਣ, ਜਿਨ੍ਹਾਂ ਚ ਉਂਗਲ਼ ਫੇਰੀ ਜਾ ਸਕੇ। ਉਸ ਦੇ ਸੱਜੇ ਹੱਥ ਦੇ ਅੰਗੂਠੇ ਦੇ ਨਾਲ ਦੀ ਉਂਗਲ਼ੀ ਫੜ ਕੇ ਉੱਕਰੇ ਅੱਖਰਾਂ ਚ ਇਸ ਤਰ੍ਹਾਂ ਫੇਰਨੀ, ਜਿਵੇਂ ਸਿੱਧਾ ਅੱਖਰ ਲਿਖੀਦਾ ਹੈ। ਅਨਜਾਣ ਹੇਠਾਂ ਤੋਂ ਉੱਪਰ ਨੂੰ ਪੁੱਠੀ ਕਲਮ ਵਗਾਉਂਦੇ ਹਨ, ਜਿਸ ਕਰਕੇ ਕਲਮ ਕਾਗਜ਼ ਚ ਖੁੱਭ ਜਾਂਦੀ ਹੈ। ਜਿਹੜਾ ਅੱਖਰ ਲਿਖਣਾ ਹੋਵੇ, ਲਿਖਣ ਵਾਲਾ ਉਸ ਅੱਖਰ ਦੇ ਸਾਹਮਣੇ, ਨੱਕ ਦੀ ਸੇਧ ਜੋੜਾ ਲਾਹ ਕੇ, ਸਤਿਕਾਰ ਸਹਿਤ ਬੈਠੇ। ਜਿਸ ਤਰ੍ਹਾਂ ਛਾਪੇ ਦੇ ਅੱਖਰ ਹੁੰਦੇ ਹਨ, ਬਿਲਕੁਲ ਉਸੇ ਤਰ੍ਹਾਂ ਹੀ ਸੋਹਣਾ ਸੁੰਦਰ ਲਿਖਣਾ। ਊੜੇ ਦੀ ਉਤਲੀ ਲਕੀਰ ਵੱਡੀ, ਉਸ ਤੋਂ ਹੇਠਲੀ ਛੋਟੀ ਤੇ ਹੇਠਾਂ ਤੋਂ ਗੋਲ਼ ਕਰਕੇ, ਖੱਬੇ ਨੂੰ ਉੱਪਰ ਲਿਜਾ ਕੇ ਗੋਲ਼ ਕਰਨੀ। ਡੱਡੇ ਦੀ ਹੇਠਲੀ ਘੁੰਢੀ ਗੋਲ਼ ਨਹੀਂ ਹੁੰਦੀ, ਜਿਸ ਤਰ੍ਹਾਂ ਛਾਪੇ ਚ ਹੈ, ਉਸੇ ਤਰ੍ਹਾਂ ਹੀ ਲਿਖਣੀ ਹੈ। ਘੱਘੇ ਦਾ ਸੱਜਾ ਖਾਨਾ ਹੇਠਾਂ ਨੂੰ ਹੈ, ਉਸ ਚ ਥੋੜੀ ਜਗ੍ਹਾ ਜ਼ਿਆਦਾ ਹੈ ਖੱਬੇ ਖਾਨੇ ਨਾਲੋਂ। ਅ ਸ ਚ ਜ ਫ ਦ ਮ ਆਦਿ ਅੱਖਰਾਂ ਦੀਆਂ ਘੁੰਢੀਆਂ ’ਚ ਖਾਲੀ ਜਗ੍ਹਾ ਨਹੀਂ ਛੱਡਣੀ। ਜਿਸ ਤਰ੍ਹਾਂ ਥੱਥੇ, ਬੱਬੇ ਚ ਫ਼ਰਕ ਹੈ, ਇਹ ਭੀ ਨਿਰਨਾ ਦੇ ਦੇਣਾ। ਕਈ ਬੱਬੇ ਨੂੰ ਥੱਥਾ ਹੀ ਲਿਖਦੇ ਹਨ। ਖੁਸ਼ਖੱਤ ਲਿਖਣ ਲੱਗਿਆਂ ਲੱਲਾ ਛਾਪੇ ਅਨੁਸਾਰ ਲਿਖਣਾ। ਵਾਵਾ ਲਿਖਣ ਲੱਗਿਆਂ ਲਕੀਰ ਦੇ ਸੱਜੇ ਸਿਰੇ ਤੋਂ ਹੇਠਾਂ ਨੂੰ ਸਿੱਧੀ ਥੋੜੀ ਹੀ ਖਿੱਚਣੀ, ਖੱਬੇ ਨੂੰ ਨਾਲ ੨ ਦੀ ਮੋੜਨੀ। ਉਤਲੀਆਂ ਦੋਹਾਂ ਲਕੀਰਾਂ ਦੀ ਜਗ੍ਹਾ ਬਿਲਕੁਲ ਘੱਟ, ਛਾਪੇ ਅਨੁਸਾਰ ਹੋਣ। ਜਦੋਂ ਅਸੀਂ ਵਾਵੇ ਦੀ ਲਕੀਰ ਹੇਠਾਂ ਨੂੰ ਵੱਡੀ ਕੱਢਾਂਗੇ, ਤਾਂ ਸੋਹਣਾ ਨਹੀਂ ਲੱਗੇਗਾ। ਜਿਵੇਂ ਅਸੀਂ ਛਾਪੇ ਦੇ ਅੱਖਰ ਤੱਕਦੇ ਹਾਂ, ਉਸ ਨੂੰ ਗਹੁ ਨਾਲ ਤੱਕ ਕੇ ਛਾਪੇ ਦੇ ਅੱਖਰ ਦੇ ਉੱਪਰ ਬਿਨਾ ਸਿਆਹੀ ਦੇ ਬਿਲਕੁਲ ਪੋਲੀ ੨ ਕਲਮ ਫੇਰਨੀ ਹੈ, ਫਿਰ ਅੱਖਰ ਦਾ ਦਿਮਾਗ਼ ਚ ਫੋਟੋ ਖਿੱਚ ਲੈਣਾ। ਖੁਸ਼ਖੱਤ ਲਿਖਣ ਦਾ ਅਭਿਆਸ ਕਰਨਾ ਹੋਵੇ, ਤਾਂ ਇੱਕੋ ਅੱਖਰ ਨੂੰ ਕਤਾਰਾਂ ਚ ਬਹੁ ਗਿਣਤੀ ਚ ਲਿਖੋ। ਇੱਕ ਸੇਧ ਚ ਅੱਖਰ ਇੱਕੋ ਜਹੇ ਲਿਖਣੇ। ਪਹਿਲੇ ਅੱਖਰ ਨੂੰ ਦੇਖ ਕੇ ਦੂਜਾ ਅੱਖਰ ਲਿਖਣਾ, ਪਹਿਲੇ

ਦੋ ਦੇਖ ਕੇ ਤੀਜਾ ਅੱਖਰ ਲਿਖਣਾ। ਜਿਵੇਂ ਗੋਲ਼ੀ ਦਾ ਨਿਸ਼ਾਨਾ ਲਾਉਣ ਸਮੇਂ ਸੁਆਸ ਰੋਕੀਦਾ ਹੈ, ਇਸ ਤਰ੍ਹਾਂ ਖੁਸ਼ਖੱਤ ਲਿਖਣ ਸਮੇਂ ਸੁਆਸ ਰੋਕ ਕੇ ਲਿਖਣਾ। ਖੁਸ਼ਖੱਤ ਲਿਖਣ ਸਮੇਂ ਖੱਬਾ ਗੋਡਾ ਧਰਤੀ ’ਤੇ ਰੱਖ ਕੇ, ਸੱਜਾ ਗੋਡਾ ਖੜ੍ਹਾ ਕਰਕੇ, ਬੀਰ ਆਸਣ ਬੈਠ ਕੇ, ਜਿਹੜੀ ਚੀਜ਼ ’ਤੇ ਲਿਖਣਾ ਹੋਵੇ, ਉਹ ਸੱਜੇ ਗੋਡੇ ’ਤੇ ਰੱਖਣੀ। ਜਿਹੜਾ ਅੱਖਰ ਲਿਖਣਾ ਹੋਵੇ, ਉਹ ਨੱਕ ਦੀ ਸੇਧ ਚ ਹੋਵੇ। ਆਮ ਤੌਰ ’ਤੇ ਅੱਖਰ ਖੁਸ਼ਖੱਤ ਲਿਖਣ ਵਾਲੇ ਭਾਵੇਂ ਜੋਰ ਲਾ ਕੇ ਲਿਖਣ, ਤਾਂ ਭੀ ਇਹ ਸੁੰਦਰ ਨਹੀਂ ਹੋ ਸਕਦੇ, ਕਿਉਂਕਿ ਉਨ੍ਹਾਂ ਨੇ ਦਿਮਾਗ਼ ਚ ਅੱਖਰ ਨੋਟ ਨਹੀਂ ਕੀਤੇ ਹੁੰਦੇ। ਇਹ ਅੱਖਰ ਬ੍ਰਹਮ ਰੂਪ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪ ਘੜੇ ਹਨ, ਇਸ ਲਈ ਸਾਰੇ ਜਾਪ ਰੂਪ ਹੀ ਹਨ। ਜੇਕਰ ਅੱਖਰ ਲਿਖਣ ਤੋਂ ਪਹਿਲਾਂ ਅੱਖਰ ਧਿਆਨ ਚ ਆ ਜਾਵੇ, ਤਾਂ ਉਹ ਅੱਖਰ ਖੁਸ਼ਖੱਤ ਵਧੀਆ ਹੋਵੇਗਾ। ਆਮ ਤੌਰ ’ਤੇ ਕਈਆਂ ਨੂੰ ਬੋਲਣ ਚ ਭੁਲੇਖਾ ਪੈ ਜਾਂਦਾ ਹੈ। ਨੰਨਾ, ਣਾਣਾ, ਙੰਙਾ, ਞੰਞਾ, ਇਹ ਨਿਰਨੇ ਸਹਿਤ ਚੇਤੇ ਕਰਨੇ। ਕਈ (ੜ) ਲਕੀਰ ਖਿੱਚ ਕੇ ਕਾਟੇ ਜਿਹੇ ਮਾਰ ਕੇ ਅਧੂਰਾ ਹੀ ਲਿਖਦੇ ਹਨ, ਛਾਪੇ ਅਨੁਸਾਰ ਠੀਕ ਸੁੰਦਰ ਲਿਖਣਾ ਚਾਹੀਦਾ ਹੈ। ਗ਼੍ਰੀਬ ਦਾਸਨ ਦਾਸਾਂ ਨੇ ਗੁਰਬਾਣੀ ਜੀ ਦੇ ਅੱਖਰਾਂ ਨੂੰ ਅਪਣੇ ਦਿਲ ਸੁਰਤ, ਰੋਮ ੨ ਚ ਤੱਕਣਾ ਹੈ। ਯ ਆਦਿ ਔਖੇ ਅੱਖਰ ਜ਼ਿਆਦਾ ਵਾਰੀ ਲਿਖ ਕੇ, ਅਭਿਆਸ ਕਰਾਉਣਾ। ਚੁਣ ੨ ਕੇ ਸੁੰਦਰ ਸ਼ਬਦ ਲਿਖੇ ਜਾਣ, ਜਿਨ੍ਹਾਂ ਨੂੰ ਰੀਝ ਸਤਿਕਾਰ ਨਾਲ ਲੈਮੀਨੇਸ਼ਨ ਕਰਕੇ ਸ਼ੀਸ਼ਿਆਂ ਚ ਸੰਭਾਲ਼ਿਆ ਜਾਵੇ, ਜਿਸ ਕਰਕੇ ਆਉਣ ਵਾਲੀਆਂ ਪੀੜ੍ਹੀਆਂ ਦੇਖ ਕੇ, ਲਿਖਣ ਦਾ ਚਾਅ ਕਰਨ। ਪਹਿਲਾਂ ਛਾਪੇ ਨਹੀਂ ਸਨ, ਬਜ਼ੁਰਗ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੇ ਪੋਥੀਆਂ ਹੱਥੀਂ ਲਿਖਦੇ ਸਨ, ਕੁੱਝ ਤਾਂ ਹਨ, ਪਰ ਕੁੱਝ ਬੇਸੰਭਾਲ ਦੇ ਕਾਰਨ ਅਲੋਪ ਹੋ ਗਈਆਂ ਹਨ। ਅੱਖਰ ਲਿਖਣ ਲੱਗਿਆਂ ਕਲਮ ਕਿਵੇਂ ਵਗਾਉਣੀ ਹੈ? ਇਹ ਸੁਲੇਖ ਪੋਥੀ ਤੋਂ ਦੇਖ ਕੇ, ਮਿਹਨਤ ਕਰੋ। ਪੜ੍ਹਾਉਣ ਵਾਲਾ ਛਾਪੇ ਨਾਲ ਮਿਲਾ ਕੇ ਸੋਹਣੇ ਤੋਂ ਸੋਹਣੇ ਸਾਫ਼ ਅੱਖਰ ਸ਼ਿਸ਼ ਨੂੰ ਲਿਖ ਕੇ ਦੇਵੇ। ਉਸਤਾਦ ਬਲੈਕ ਬੋਰਡ ’ਤੇ ਇੱਕ ੨ ਅੱਖਰ ਛਾਪੇ ਅਨੁਸਾਰ ਲਿਖ ਕੇ ਸਿੱਧੀ ਕਲਮ ਵਗਾਉਣ ਦਾ ਢੰਗ ਬਾਰ ੨ ਦਸ ਕੇ ਸਮਝਾ ਦੇਵੇ, ਫੇਰ ਉਸ ਅੱਖਰ ਦੇ ਟਿੱਕਣੇ ਲਾ ਕੇ ਟਿੱਕਣਿਆ ਉੱਪਰ ਲਿਖਾਵੇ, ਜਿਥੋਂ ਫ਼ਰਕ ਹੋਵੇ ਪੂਰਨ ਪਿਆਰ ਸਤਿਕਾਰ ਨਾਲ ਸਮਝਾਵੇ ਪੜ੍ਹਾਵੇ, ਓਸੇ ਅਖ਼ਰ ਨੂੰ ਪਚੀ ਵਾਰ ਲਿਖਾਵੇ, ਬੱਚਿਆਂ ਨੂੰ ਕਹੇ ਕਿ ਤੁਸੀਂ ਇਸੇ ਅੱਖਰ ਨੂੰ ਖੁਸ਼ਖੱਤ ਪੰਜਾਹ ਜਾਂ ਸੌ ਵਾਰੀ ਲਿਖੋ। ਬੁਹਤੇ ਵਾਰੀ ਲਿਖ ਕੇ ਅੱਖਰ ਦੀ ਜਾਂਚ ਕਰੀ ਕਰਾਈ ਜਾਵੇ। ਭੂੰਵੇ ਅੱਖਰ ਲਿਖਾਉਣ ਸਮੇਂ ਲਿਖੇ ਅੱਖਰਾਂ ਨੂੰ ਚੰਗੀ ਤਰ੍ਹਾਂ ਮੇਟੋ, ਉਨ੍ਹਾਂ ਉੱਤੋਂ

ਨਹੀਂ ਲੰਘਣਾ। ਸਿਆਹੀ ਤੇ ਲਿਖੇ ਅੱਖਰਾਂ 'ਤੇ ਫੂਕ ਨਹੀਂ ਮਾਰਨੀ। ਸਲੇਟ ਜਾਂ ਫੱਟੀ ਉਪਰ ਇੱਕ ਲਾਈਨ ਛਾਪੀ ਹੋਵੇ। ਫਿਰ ਇੱਕ ਛਾਪੀ ਨੂੰ ਦੇਖ ਕੇ ਹੇਠਾਂ ਖਾਲੀ ਲਾਈਨ ਚ ਲਿਖੇ। ਜਿਸ ਅੱਖਰ ਦੇ ਉੱਪਰ ਲਿਖਣਾ ਹੋਵੇ, ਉਹ (ਬਿੰਦੀਆਂ) ਟਿੱਕਣਿਆਂ ਨਾਲ ਭੀ ਲਿਖਿਆ ਜਾਵੇ, ਜਾਂ ਸੁਲੇਖ 'ਤੇ ਲਿਖਿਆ ਹੁੰਦਾ ਹੈ। ਟੀਚਰ, ਛਪੇ ਅੱਖਰਾਂ 'ਤੇ, ਸ਼ਾਹੀ ਬਿਨਾ ਪਿੰਨ ਪੋਲਾ ੨ ਫਿਰਾਵੇ, ਅੱਖਰਾਂ ਨੂੰ ਦਿਮਾਗ਼ ਚ ਨੋਟ ਕਰਾ ਦੇਵੇ। ਗੁਰਬਾਣੀ ਦੇ ਅੱਖਰਾਂ 'ਤੇ ਪਿੰਨ ਨਹੀਂ ਫੇਰਨਾ।

੬. ੧੦੧ ਵਾਰ ਬੋਲਣ ਲਈ ਮੁਹਾਰਨੀ:-




| | | | | | | | | | | | |
|---|---|---|---|---|---|---|---|---|---|---|---|
| ਅ | ਆ | ਇ | ਈ | ਉ | ਊ | ਏ | ਐ | ਓ | ਔ | ਅੰ | ਆਂ। |
| ਸ | ਸਾ | ਸਿ | ਸੀ | ਸੁ | ਸੂ | ਸੇ | ਸੈ | ਸੋ | ਸੌ | ਸੰ | ਸਾਂ। |
| ਹ | ਹਾ | ਹਿ | ਹੀ | ਹੁ | ਹੂ | ਹੇ | ਹੈ | ਹੋ | ਹੌ | ਹੰ | ਹਾਂ। |
| ਕ | ਕਾ | ਕਿ | ਕੀ | ਕੁ | ਕੂ | ਕੇ | ਕੈ | ਕੋ | ਕੌ | ਕੰ | ਕਾਂ। |
| ਖ | ਖਾ | ਖਿ | ਖੀ | ਖੁ | ਖੂ | ਖੇ | ਖੈ | ਖੋ | ਖੌ | ਖੰ | ਖਾਂ। |
| ਗ | ਗਾ | ਗਿ | ਗੀ | ਗੁ | ਗੂ | ਗੇ | ਗੈ | ਗੋ | ਗੌ | ਗੰ | ਗਾਂ। |
| ਘ | ਘਾ | ਘਿ | ਘੀ | ਘੁ | ਘੂ | ਘੇ | ਘੈ | ਘੋ | ਘੌ | ਘੰ | ਘਾਂ। |
| ਙ | ਙਾ | ਙਿ | ਙੀ | ਙੁ | ਙੂ | ਙੇ | ਙੈ | ਙੋ | ਙੌ | ਙੰ | ਙਾਂ। |
| ਚ | ਚਾ | ਚਿ | ਚੀ | ਚੁ | ਚੂ | ਚੇ | ਚੈ | ਚੋ | ਚੌ | ਚੰ | ਚਾਂ। |
| ਛ | ਛਾ | ਛਿ | ਛੀ | ਛੁ | ਛੂ | ਛੇ | ਛੈ | ਛੋ | ਛੌ | ਛੰ | ਛਾਂ। |
| ਜ | ਜਾ | ਜਿ | ਜੀ | ਜੁ | ਜੂ | ਜੇ | ਜੈ | ਜੋ | ਜੌ | ਜੰ | ਜਾਂ। |
| ਝ | ਝਾ | ਝਿ | ਝੀ | ਝੁ | ਝੂ | ਝੇ | ਝੈ | ਝੋ | ਝੌ | ਝੰ | ਝਾਂ। |
| ਞ | ਞਾ | ਞਿ | ਞੀ | ਞੁ | ਞੂ | ਞੇ | ਞੈ | ਞੋ | ਞੌ | ਞੰ | ਞਾਂ। |
| ਟ | ਟਾ | ਟਿ | ਟੀ | ਟੁ | ਟੂ | ਟੇ | ਟੈ | ਟੋ | ਟੌ | ਟੰ | ਟਾਂ। |
| ਠ | ਠਾ | ਠਿ | ਠੀ | ਠੁ | ਠੂ | ਠੇ | ਠੈ | ਠੋ | ਠੌ | ਠੰ | ਠਾਂ। |
| ਡ | ਡਾ | ਡਿ | ਡੀ | ਡੁ | ਡੂ | ਡੇ | ਡੈ | ਡੋ | ਡੌ | ਡੰ | ਡਾਂ। |

| | | | | | | | | | | | |
|---|---|---|---|---|---|---|---|---|---|---|---|
| ਢ | ਢਾ | ਢਿ | ਢੀ | ਢੁ | ਢੂ | ਢੇ | ਢੈ | ਢੋ | ਢੌ | ਢੰ | ਢਾਂ। |
| ਣ | ਣਾ | ਣਿ | ਣੀ | ਣੁ | ਣੂ | ਣੇ | ਣੈ | ਣੋ | ਣੌ | ਣੰ | ਣਾਂ। |
| ਤ | ਤਾ | ਤਿ | ਤੀ | ਤੁ | ਤੂ | ਤੇ | ਤੈ | ਤੋ | ਤੌ | ਤੰ | ਤਾਂ। |
| ਥ | ਥਾ | ਥਿ | ਥੀ | ਥੁ | ਥੂ | ਥੇ | ਥੈ | ਥੋ | ਥੌ | ਥੰ | ਥਾਂ। |
| ਦ | ਦਾ | ਦਿ | ਦੀ | ਦੁ | ਦੂ | ਦੇ | ਦੈ | ਦੋ | ਦੌ | ਦੰ | ਦਾਂ। |
| ਧ | ਧਾ | ਧਿ | ਧੀ | ਧੁ | ਧੂ | ਧੇ | ਧੈ | ਧੋ | ਧੌ | ਧੰ | ਧਾਂ। |
| ਨ | ਨਾ | ਨਿ | ਨੀ | ਨੁ | ਨੂ | ਨੇ | ਨੈ | ਨੋ | ਨੌ | ਨੰ | ਨਾਂ। |
| ਪ | ਪਾ | ਪਿ | ਪੀ | ਪੁ | ਪੂ | ਪੇ | ਪੈ | ਪੋ | ਪੌ | ਪੰ | ਪਾਂ। |
| ਫ | ਫਾ | ਫਿ | ਫੀ | ਫੁ | ਫੂ | ਫੇ | ਫੈ | ਫੋ | ਫੌ | ਫੰ | ਫਾਂ। |
| ਬ | ਬਾ | ਬਿ | ਬੀ | ਬੁ | ਬੂ | ਬੇ | ਬੈ | ਬੋ | ਬੌ | ਬੰ | ਬਾਂ। |
| ਭ | ਭਾ | ਭਿ | ਭੀ | ਭੁ | ਭੂ | ਭੇ | ਭੈ | ਭੋ | ਭੌ | ਭੰ | ਭਾਂ। |
| ਮ | ਮਾ | ਮਿ | ਮੀ | ਮੁ | ਮੂ | ਮੇ | ਮੈ | ਮੋ | ਮੌ | ਮੰ | ਮਾਂ। |
| ਯ | ਯਾ | ਯਿ | ਯੀ | ਯੁ | ਯੂ | ਯੇ | ਯੈ | ਯੋ | ਯੌ | ਯੰ | ਯਾਂ। |
| ਰ | ਰਾ | ਰਿ | ਰੀ | ਰੁ | ਰੂ | ਰੇ | ਰੈ | ਰੋ | ਰੌ | ਰੰ | ਰਾਂ। |
| ਲ | ਲਾ | ਲਿ | ਲੀ | ਲੁ | ਲੂ | ਲੇ | ਲੈ | ਲੋ | ਲੌ | ਲੰ | ਲਾਂ। |
| ਵ | ਵਾ | ਵਿ | ਵੀ | ਵੁ | ਵੂ | ਵੇ | ਵੈ | ਵੋ | ਵੌ | ਵੰ | ਵਾਂ। |
| ੜ | ੜਾ | ੜਿ | ੜੀ | ੜੁ | ੜੂ | ੜੇ | ੜੈ | ੜੋ | ੜੌ | ੜੰ | ੜਾਂ। |

੭. ਸ੍ਰੀ ਜਪੁ ਜੀ ਸਾਹਿਬ ਜੀ ੫ ਪਉੜੀਆਂ:-

ੴ ਸਤਿਨਾਮੁ. ਕਰਤਾ ਪੁਰਖੁ ਨਿਰਭਉ ਨਿਰਵੈਰੁ; ਅਕਾਲ ਮੂਰਤਿ. ਅਜੂਨੀ ਸੈਭੰ ਗੁਰ ਪ੍ਰਸਾਦਿ॥ ਜਪੁ॥ ਆਦਿ ਸਚੁ; ਜੁਗਾਦਿ ਸਚੁ॥ ਹੈ ਭੀ ਸਚੁ; ਨਾਨਕ. ਹੋਸੀ ਭੀ ਸਚੁ॥੧॥ ਸੋਚੈ, ਸੋਚਿ ਨ ਹੋਵਈ; ਜੇ ਸੋਚੀ ਲਖ ਵਾਰ॥ ਚੁਪੈ. ਚੁਪਿ ਨ ਹੋਵਈ; ਜੇ ਲਾਇ ਰਹਾ ਲਿਵ ਤਾਰ॥ ਭੁਖਿਆ. ਭੁਖ ਨ ਉਤਰੀ; ਜੇ ਬੰਨਾ ਪੁਰੀਆ ਭਾਰ॥) ਸਹਸ ਸਿਆਣਪਾ. ਲਖ ਹੋਹਿ; ਤ ਇਕ ਨ ਚਲੈ ਨਾਲਿ॥ ਕਿਵ. ਸਚਿਆਰਾ ਹੋਈਐ;

ਕਿਵ. ਕੂੜੈ ਤੁਟੈ ਪਾਲਿ॥ ਹੁਕਮਿ ਰਜਾਈ ਚਲਣਾ; ਨਾਨਕ. ਲਿਖਿਆ ਨਾਲਿ॥੧॥ਹੁਕਮੀ. ਹੋਵਨਿ ਆਕਾਰ; ਹੁਕਮੁ. ਨ ਕਹਿਆ ਜਾਈ॥ ਹੁਕਮੀ. ਹੋਵਨਿ ਜੀਅ; ਹੁਕਮਿ. ਮਿਲੈ ਵਡਿਆਈ॥ ਹੁਕਮੀ, ਉਤਮੁ ਨੀਚੁ; ਹੁਕਮਿ ਲਿਖਿ, ਦੁਖ ਸੁਖ ਪਾਈਅਹਿ॥ ਇਕਨਾ, ਹੁਕਮੀ ਬਖਸੀਸ; ਇਕਿ, ਹੁਕਮੀ ਸਦਾ ਭਵਾਈਅਹਿ॥ ਹੁਕਮੈ ਅੰਦਰਿ. ਸਭੁ ਕੋ; ਬਾਹਰਿ ਹੁਕਮ. ਨ ਕੋਇ॥ ਨਾਨਕ. ਹੁਕਮੈ ਜੇ ਬੁਝੈ; ਤ ਹਉਮੈ. ਕਹੈ ਨ ਕੋਇ॥੨॥ ਗਾਵੈ ਕੋ ਤਾਣੁ; ਹੋਵੈ ਕਿਸੈ ਤਾਣੁ॥ ਗਾਵੈ ਕੋ ਦਾਤਿ; ਜਾਣੈ ਨੀਸਾਣੁ॥ ਗਾਵੈ ਕੋ; ਗੁਣ ਵਡਿਆਈਆ ਚਾਰ॥) ਗਾਵੈ ਕੋ; ਵਿਦਿਆ ਵਿਖਮੁ ਵੀਚਾਰੁ॥ ਗਾਵੈ ਕੋ; ਸਾਜਿ ਕਰੇ ਤਨੁ ਖੇਹ॥ ਗਾਵੈ ਕੋ; ਜੀਅ ਲੈ ਫਿਰਿ ਦੇਹ॥ ਗਾਵੈ ਕੋ; ਜਾਪੈ ਦਿਸੈ ਦੂਰਿ॥ ਗਾਵੈ ਕੋ; ਵੇਖੈ ਹਾਦਰਾ ਹਦੂਰਿ॥ ਕਥਨਾ ਕਥੀ; ਨ ਆਵੈ ਤੋਟਿ॥ ਕਥਿ ਕਥਿ ਕਥੀ; ਕੋਟੀ. ਕੋਟਿ ਕੋਟਿ॥ ਦੇਦਾ ਦੇ; ਲੈਦੇ ਥਕਿ ਪਾਹਿ॥ ਜੁਗਾ ਜੁਗੰਤਰਿ; ਖਾਹੀ ਖਾਹਿ॥ ਹੁਕਮੀ; ਹੁਕਮੁ ਚਲਾਏ ਰਾਹੁ॥ ਨਾਨਕ; ਵਿਗਸੈ ਵੇਪਰਵਾਹੁ॥੩॥ ਸਾਚਾ ਸਾਹਿਬੁ. ਸਾਚੁ ਨਾਇ; ਭਾਖਿਆ ਭਾਉ ਅਪਾਰੁ॥) ਆਖਹਿ. ਮੰਗਹਿ, ਦੇਹਿ ਦੇਹਿ; ਦਾਤਿ ਕਰੇ ਦਾਤਾਰੁ॥ ਫੇਰਿ. ਕਿ ਅਗੈ ਰਖੀਐ; ਜਿਤੁ ਦਿਸੈ ਦਰਬਾਰੁ॥ ਮੁਹੌ. ਕਿ ਬੋਲਣੁ ਬੋਲੀਐ; ਜਿਤੁ ਸੁਣਿ ਧਰੇ ਪਿਆਰੁ॥ ਅੰਮ੍ਰਿਤ ਵੇਲਾ ਸਚੁ ਨਾਉ; ਵਡਿਆਈ ਵੀਚਾਰੁ॥ ਕਰਮੀ ਆਵੈ ਕਪੜਾ; ਨਦਰੀ ਮੋਖੁ ਦੁਆਰੁ॥ ਨਾਨਕ. ਏਵੈ ਜਾਣੀਐ; ਸਭੁ ਆਪੇ ਸਚਿਆਰੁ॥੪॥ ਥਾਪਿਆ. ਨ ਜਾਇ; ਕੀਤਾ. ਨ ਹੋਇ॥ ਆਪੇ ਆਪਿ; ਨਿਰੰਜਨੁ ਸੋਇ॥ ਜਿਨਿ ਸੇਵਿਆ; ਤਿਨਿ ਪਾਇਆ ਮਾਨੁ॥ ਨਾਨਕ; ਗਾਵੀਐ ਗੁਣੀ ਨਿਧਾਨੁ॥ ਗਾਵੀਐ ਸੁਣੀਐ; ਮਨਿ ਰਖੀਐ ਭਾਉ॥ ਦੁਖੁ ਪਰਹਰਿ; ਸੁਖੁ ਘਰਿ, ਲੈ ਜਾਇ॥ ਗੁਰਮੁਖਿ ਨਾਦੰ. ਗੁਰਮੁਖਿ ਵੇਦੰ; ਗੁਰਮੁਖਿ ਰਹਿਆ ਸਮਾਈ॥ ਗੁਰੁ ਈਸਰੁ ਗੁਰੁ ਗੋਰਖੁ, ਬਰਮਾ ਗੁਰੁ; ਪਾਰਬਤੀ ਮਾਈ॥ ਜੇ ਹਉ ਜਾਣਾ, ਆਖਾ ਨਾਹੀ; ਕਹਣਾ ਕਥਨੁ ਨ ਜਾਈ॥ ਗੁਰਾ; ਇਕ ਦੇਹਿ ਬੁਝਾਈ॥ ਸਭਨਾ ਜੀਆ ਕਾ, ਇਕੁ ਦਾਤਾ; ਸੋ. ਮੈ ਵਿਸਰਿ ਨ ਜਾਈ॥੫॥ ਸਲੋਕੁ॥ ਪਵਣੁ ਗੁਰੂ, ਪਾਣੀ ਪਿਤਾ; ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ, ਦਾਈ ਦਾਇਆ; ਖੇਲੈ ਸਗਲ ਜਗਤੁ॥ ਚੰਗਿਆਈਆ ਬੁਰਿਆਈਆ; ਵਾਚੈ ਧਰਮੁ ਹਦੂਰਿ॥ ਕਰਮੀ ਆਪੋ ਆਪਣੀ; ਕੇ ਨੇੜੈ ਕੇ ਦੂਰਿ॥ ਜਿਨੀ. ਨਾਮੁ ਧਿਆਇਆ; ਗਏ ਮਸਕਤਿ ਘਾਲਿ॥ ਨਾਨਕ. ਤੇ ਮੁਖ ਉਜਲੇ; ਕੇਤੀ ਛੁਟੀ ਨਾਲਿ॥੧॥

| | |
|---|---|
| <br>ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਧੰਨ ਹਨ। | <br>ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਧੰਨ ਹਨ। |
| <br>ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਧੰਨ ਹਨ। | <br>ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਧੰਨ ਹਨ। |





ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿ
ਸਾਹਿਬ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਹਰਿਰਾਏ ਸਾਹਿਬ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸਨ ਸਾਹਿਬ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਖ਼ਾਲਸਾ ਜੀ ਧੰਨ ਹਨ।




ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਧੰਨ ਹਨ।

੮.ਸਾਖੀ ਮਹਾਨ ਪਰਉਪਕਾਰੀ ਗੁਰਮੁਖਿ ਜੀ ਦੇ ਪਰਉਪਕਾਰ ਕਰਨ ਦੀ:- ਵਾਹਿਗੁਰੂ ਧੰਨ ਪਰਮ ਗੁਰੂ ਨਾਨਕ ਸਾਹਿਬ ਜੀ ਦੇ, ਇੱਕ ਖ਼ਾਸ ਪ੍ਰੇਮੀ ਗੁਰਸੇਵਕ ਜੀ ਹਰ ਸਮੇਂ ਸਿਮਰਨ ਗੁਰਬਾਣੀ ਜੀ ਦੀ ਕਥਾ ਕੀਰਤਨ ਕਰਦੇ, ਸ਼ੁੱਧ ਸੰਥਾ ਕਰਾਉਂਦੇ, ਜ਼ਿਆਦਾ ਬ੍ਰਿਧ ਹੋਣ ਤੋਂ, ਪਿੰਡ ਦੇ ਸਾਂਝੇ ਥਾਂ, ਅੰਬ ਲਾ ਰਹੇ ਸਨ। ਪ੍ਰੇਮੀ ਨੇ ਪ੍ਰੇਮ ਬੇਨਤੀ ਕੀਤੀ, "ਪਰਮ ਪੂਜਨੀਕ ਗੁਰਮੁਖਿ ਜੀਉ! ਆਰਾਮ ਸਿਮਰਨ ਕਰੋ ਜੀ। ਆਪ ਜੀ ਕਿਹੜਾ ਇਹ ਅੰਬ ਖਾਣੇ ਹਨ?" "ਗੁਰੂ ਪਿਆਰੇ ਸਵਾਰੇ ਜੀ! ਪੂਰਨ ਸਤਿਗੁਰੂ ਜੀ ਦਾ ਪੂਰਨ ਸੱਚਾ ਹੁਕਮ ਹੈ, ਸਿਮਰਨ ਪਰਉਪਕਾਰ ਬਿਨਾ ਸ੍ਰੀਰ ਮੁਰਦਾ ਹੈ, ਭਾਵੇਂ ਦਾਸਨ ਦਾਸ ਨੇ ਫ਼ਲ ਨਹੀਂ ਖਾਣੇ, ਪਰ ਆਉਣ ਵਾਲੇ ਹੀ ਇਹ ਫ਼ਲ ਖਾ ਕੇ ਅਸੀਸ ਦੇਣਗੇ। ਪੂਰਨ ਸੰਤੋਖੀ ਮਹਾਤਮਾ ਜੀ, ਅਨੇਕ ਜੀਆਂ ਦੇ ਮੁਖ ਪੈਣਗੇ। ਬ੍ਰਿੱਛ ਲਾਉਣ ਨਾਲ ਹਵਾ ਸਾਫ਼ ਹੁੰਦੀ ਹੈ, ਮੁਲਕ ਸੁਖੀ ਅਮੀਰ ਬਣਦਾ ਹੈ, ਪੁੱਟਣ ਨਾਲ ਗ੍ਰੀਬ ਹੁੰਦਾ ਹੈ, ਜਿਨੇ ਜ਼ਿਆਦਾ ਬ੍ਰਿਛ ਹੋਣ ਧਰਤੀ ਸੋਭਾ ਪਾਉਂਦੀ ਹੈ, ਮੀਂਹ ਜ਼ਿਆਦਾ ਪੈਂਦਾ ਹੈ, ਛਾਵੇਂ ਭਜਨ ਕਰਨ ਦਾ ਅਨੰਦ ਹੁੰਦਾ ਹੈ, ਲੱਕੜ ਬਾਲਣ ਦੀਆਂ ਅਨੇਕਾਂ ਲੋੜਾਂ ਪੂਰੀਆਂ ਹੁੰਦੀਆਂ ਹਨ। ਪੂਰਨ ਪਰਉਪਕਾਰੀ ਰਾਮ ਸਰੂਪ ਸਤਿਗੁਰਾਂ ਦਾ ਪਰਉਪਕਾਰ ਕਰਨ ਦਾ ਹੁਕਮ ਮੰਨ ਕੇ, ਹੁਕਮੀ ਬੰਦਾ ਅੰਬ ਲਾ ਰਿਹਾ ਹੈ। ਮਰਨ ਮਗਰੋਂ ਨੇਕੀਆਂ ਹੀ ਜੱਗ 'ਤੇ ਰਹਿ ਜਾਂਦੀਆਂ ਹਨ।" ਸੋ ਆਖਰੀ ਸੁਆਸ ਤੱਕ ਪਰਉਪਕਾਰ ਸਿਮਰਨ ਕਰਨਾ ਚਾਹੀਦਾ ਹੈ, ਜਦੋਂ ਨਾਸਵੰਤ ਸ੍ਰੀਰ ਮਿੱਟੀ ਚ ਰਲ ਗਿਆ ਤਦੋਂ ਪਰਉਪਕਾਰ ਨਹੀਂ ਹੋ ਸਕੇਗਾ।

੯.ਸਾਖੀ ਮਹੱਲਾ ਦਸਵਾਂ ਜੀ ਵੱਲੋ ਗੁਰੂ ਸੇਵਾ ਕਰਨ ਦਾ ਸ਼ੁਭ ਸੱਚਾ ਉਪਦੇਸ਼:- ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ;) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ ਅਵਾਜ਼ਾ ਦਿਤਾ, "ਜ਼ਾਲਮ ਸਿੰਘ ਜੀ! ਠੰਢਾ ਪਾਣੀ ਲਿਆਉ"। ਸਿੰਘ ਪਾਸ ਨ ਹੋਣੇ ਕਰਕੇ, ਆਪਜੀ ਤੋਂ ਆਗਿਆ ਲੈ ਕੇ, ਚੜ੍ਹਦੀ ਜੁਆਨੀ ਵਾਲਾ ਅਮੀਰ ਬੱਚਾ, ਪਾਣੀ ਲੈਣ ਗਿਆ। ਆਪ ਜੀ ਜਲ ਕਟੋਰਾ ਪਕੜ ਕੇ, ਗੱਭਰੂ ਵੱਲ ਤੱਕੇ, "ਹੱਥ ਬੜੇ ਹੀ ਕੂਲੇ ਹਨ, ਆਪ ਜੀ ਕੀ ਕੰਮ ਕਰਦੇ ਹੋਂ?" ਦੁਇ ਹੱਥ ਜੋੜ ਕੇ ਕਿਹਾ, "ਇਹ ਹੱਥ ਆਪ ਜੀ ਅੱਗੇ ਹੀ ਜੁੜਦੇ ਹਨ, ਅੱਜ ਪਹਿਲੀ ਵਾਰੀ ਆਪ ਜੀ ਲਈ ਜਲ ਲਿਆਏ ਹਨ, ਸ੍ਰੀਰ ਦੀ ਰਹਿਤ ਬਹਿਤ ਮੈਂ ਸੁੱਚੀ ਰੱਖਦਾ ਹਾਂ।" ਸਾਹਿਬ ਜੀ ਪਾਣੀ ਡੋਲਣ ਲੱਗੇ, "ਹੇ ਪਾਤਿਸ਼ਾਹਾਂ ਦੇ ਪਾਤਿਸ਼ਾਹ ਜੀ! ਮੈਂ ਹੱਥ ਧੋ ਕੇ, ਕਟੋਰਾ ਮਾਂਜ ਕੇ ਨਿਰਮਲ ਜਲ ਲਿਆਇਆ ਹਾਂ।" ਇਹ ਸੁਣ ਕੇ ਕਟੋਰਾ ਉਲਟਾ ਦਿਤਾ, "ਬਈ ਗੁਰੂ ਸੇਵਾ ਹੀਨ

ਅਪਵਿੱਤ੍ਰ ਹੱਥ ਛੋਹੇ ਹਨ, ਪੀਣ ਲਾਇਕ ਨਹੀਂ।" ਸਿੱਖ ਗੁਰੂ ਜੀ ਦੇ ਚਰਨ ਕਮਲਾਂ 'ਤੇ ਡਿੱਗਾ, ਕੰਬ ਕੇ ਬੋਲਿਆ, "ਪਾਤਸ਼ਾਹ ਜੀ! ਦਾਸਨ ਦਾਸ ਆਪ ਜੀ ਦਾ ਬੱਚਾ ਸਦਾ ਭੁੱਲਣਹਾਰ ਹੈ, ਆਪ ਬਖ਼ਸ਼ਿੰਦ ਪਿਤਾ ਜੀ ਹੋਂ, ਬਖ਼ਸ਼ੋ ਜੀ!" "ਪਿਆਰੇ ਬੱਚੇ! ਆਪ ਜੀ ਨੇ ਪਾਹੁਲ ਲੈ ਕੇ ਗੁਰਸਿੱਖੀ ਧਾਰੀ, ਪਰ ਅਮਲ ਚ ਨ ਲਿਆਂਦੀ, ਇਹ ਸੂਮ ਦੇ ਧਨ ਵਾਂਗ ਹੈ। ਗੁਰਸਿਖੀ ਦਾ ਸਿਖਣਾ; ਗੁਰਮੁਖਿ. ਸਾਧਸੰਗਤਿ ਦੀ ਸੇਵਾ॥ (ਭਾ: ਗੁਰਦਾਸ) ਅਨੁਸਾਰ ਸਿੱਖੀ ਗੁਰੂ ਸੇਵਾ ਤੋਂ ਅਰੰਭ ਹੁੰਦੀ ਹੈ। ਗੁਰੂ ਸੇਵਾ ਨਾਲ ਰੋਮ ਰੋਮ ਮਨ ਉੱਜਲ ਹੁੰਦਾ ਹੈ, ਪਾਪ ਹਉਂ ਮੈਲ਼ ਉੱਤਰਦੀ ਹੈ, ਪਰਮਪੂਜਨੀਕ ਨਾਮ ਖ਼ਜਾਨੇ ਦੀ ਪ੍ਰਾਪਤੀ ਹੁੰਦੀ ਹੈ, ਅਕਾਲ ਜੀ ਚ ਲੀਨਤਾ ਹੁੰਦੀ ਹੈ। ਅਮਲ ਚ ਆਈ ਸਿੱਖੀ, ਮਨੁੱਖਾ ਜਨਮ ਸਫਲ ਕਰਦੀ ਹੈ। ਆਪਾ ਸਵਾਰ ਕੇ, ਚੰਦਨ ਵਾਂਗ ਖ਼ਸ਼ਬੂਦਾਰ ਹੋ ਕੇ, ਪ੍ਰੇਮਾ ਭਗਤੀ ਦੀ ਖ਼ੁਸ਼ਬੂ ਦਾਨ ਕਰਨ, ਗੁਰੂ ਸਿੱਖਿਆ ਮੰਨਣ ਕਮਾਉਣ ਨਾਮ ਜਪਣ ਜਪਾਉਣ ਦਾ ਨਾਮ, ਹਿਰਦੇ ਦੀ ਪਿਆਰੀ ਗੁਰਸਿੱਖੀ ਹੈ। ਆਪ ਜੀ ਨੇ ਗੁਰੂ ਸੇਵਾ ਤਿਆਗ ਕੇ, ਜੋ ਉੱਜਲਤਾ ਧਾਰੀ ਹੈ, ਇਸ ਦਾ ਮਾਣ ਮਨ ਚ ਧਸ ਗਿਆ।" ਇਸ ਲਈ ਗੁਰੂ ਸੇਵਾ ਬਿਨ ਸਭ ਕਮਾਈ ਧ੍ਰਿਕਾਰ ਯੋਗ ਹੈ। ਯਥਾ:- ਵਿਣੁ ਸੇਵਾ. ਧ੍ਰਿਗ ਹਥ ਪੈਰ;ਹੋਰ ਨਿਹਫਲ ਕਰਣੀ॥ ਸ਼ੁਭ ਸਚਿਆਰੀ ਸਿੱਖਿਆ ਸੁਣ ਕੇ ਸੀਸ ਨਿਵਾਇਆ, ਸ਼ੁਧ ਸਰੂਪ ਪੂਰਨ ਗੁਰੂ ਜੀ ਰਿਦੇ ਚ ਵਸਾਏ, ਤਨ ਮਨ ਧਨ ਨਾਲ ਗੁਰੂ ਸਤਸੰਗਤ ਜੀ ਦੀ ਸੇਵਾ ਚਾਅ ਨਾਲ ਕਰਨ ਲੱਗੇ, ਸੁਆਸ ੨ ਰੋਮ ੨ ਕਰਕੇ ਜਾਪ ਕਰਕੇ ਨਿਹਾਲ ਹੋਏ। ਸ਼ੁਭ ਸਿੱਖਿਆ, ਨਿੱਕੀ ਉਮਰ ਤੋਂ ਹੱਥੀਂ ਲੰਗਰ ਤਿਆਰ ਕਰਨ ਦੀ ਜਾਚ ਸਿੱਖੇ, ਗੁਰਦੁਆਰੇ ਜਾ ਕੇ ਜੋੜੇ ਝਾੜ੍ਹੇ ਅਪਣੇ ਸਿਰ 'ਤੇ ਰੱਖੇ, ਹੋਰ ਅਨੇਕ ਪ੍ਰਕਾਰ ਦੀ ਸੇਵਾ ਕਰੇ, ਸੋ ਹੱਥ ਧਰਮ ਕ੍ਰਿਤ ਨਾਲ ਭੀ ਪਵਿੱਤ੍ਰ ਹੁੰਦੇ ਹਨ।

੧੦.ਚੰਡੀਗੜ੍ਹ ਨੇੜੇ ਪਿੰਡ ਨਾਭਾ ਸਾਹਿਬ ਜੀ ਵਿਖੇ, ਦਾਸਨ ਦਾਸ ਚਰਨ-ਕਮਲਾਂ'ਚ ਬੈਠਾ ਸੀ, ਸੰਤਾਂ ਮਹਾਂਪੁਰਸ਼ਾਂ ਕਿਹਾ, "ਅੱਜ ਬੜੀ ਭਾਰੀ ਕ੍ਰਿਪਾ ਹੋ ਰਹੀ ਹੈ, ਪਰਮਪੂਜਨੀਕ ਧੰਨ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾਸਨਦਾਸ ਨੂੰ, ਸੁਰਤ'ਚ, ਸਾਰਗ ਮਹਲਾ ੫॥ ਟੂਟੀ ਨਿੰਦਕ ਕੀ; ਅਧ ਬੀਚ॥ ਜਨ ਕਾ ਰਾਖਾ ਆਪਿ ਸੁਆਮੀ; ਬੇਮੁਖ ਕਉ.ਆਇ ਪਹੂਚੀ ਮੀਚ॥ ਗੁਰਬਾਣੀ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਦਰਸ਼ਨ ਕਰਵਾ ਰਹੇ ਹਨ।ਇੱਕ ਵਾਰੀ ਫੇਰ ਕਿਹਾ, "ਕਰਤਾਰ ਸਿੰਘ ਜੀ! ਅੱਜ ਸ੍ਰੀ ਕਲਗੀਧਰ ਸਾਹਿਬ ਜੀ ਦੀ ਬੜੀ ਭਾਰੀ ਕ੍ਰਿਪਾ ਹੋ ਰਹੀ ਹੈ, ਜੋ ਭਾਰੀ ਬੀਰ-ਰਸ'ਚ, ਸ੍ਰੀ ਚਮਕੌਰ ਸਾਹਿਬ ਜੀ ਗੜ੍ਹੀ ਵਿਖੇ, ਉੱਚੀ ਅਟਾਰੀ'ਚ ਜੰਗ ਕਰਦਿਆਂ ਦੇ ਲੱਕ ਤੋਂ ਉਤਾਂਹ ੨, ਪਰਮਪਵਿੱਤ੍ਰ ਸ਼ੁਭ

ਸੱਚੇ ਅਮੋਲਕ ਦਰਸ਼ਨ ਹੋ ਰਹੇ ਹਨ, ਚਿਹਰੇ'ਤੇ ਬੜੀ ਭਾਰੀ ਬੀਰ-ਰਸੀ ਲਾਲੀ ਹੈ। ਚੱਕ੍ਰਾਂ ਦੇ ਚਮਕਾਰੇ, ਚਿਹਰੇ ਦਾ ਜਮਾਲ ਜਲਾਲ ਤੇਜ਼ ਪ੍ਰਕਾਸ਼ ਝੱਲਿਆ ਹੀ ਨਹੀਂ ਜਾਂਦਾ, ਭਾਵ ਤੇਜ਼ ਪ੍ਰਕਾਸ਼ ਨੂਰ, ਨੂਰ ਹੀ ਨੂਰ ਹੈ। ਗੁਰਬਾਣੀ ਜੀ ਦੇ ਹੀ ਮਹਾਂ ਪ੍ਰਤਾਪ ਕਰਕੇ, ਐਸੇ ਮਹਾਂ ਵਿਸਮਾਦ ਅਸਚਰਜ ਸੱਚੇ ਦਰਸ਼ਨ ਹੋ ਰਹੇ ਹਨ।" ਇੱਥੇ ਹੀ ਆਪ ਜੀ ਨੇ ਦਾਸਨ ਦਾਸ ਨੂੰ ਕਿਹਾ, "ਉਰੇ ਹੋ! ਤੇਰੇ ਗਾੜ੍ਹੇ 'ਤੇ ਗੁਰਬਾਣੀ ਜੀ ਲਿਖੇ ਦਿਸਦੇ ਹਨ।" ਇਉਂ ਇੱਕ ਵਾਰੀ ਗਾੜ੍ਹੀ ਹਨ੍ਹੇਰੀ ਰਾਤ ਚ, ਆਪ ਜੀ ਨੇ ਗਾੜ੍ਹੇ ਅਨੰਦ'ਚ ਲੀਨ ਹੋ ਕੇ ਕਿਹਾ, "ਜਿਵੇਂ ਤੁਹਾਨੂੰ ਅਕਾਸ਼'ਚ ਸੰਘਣੇ ਤਾਰੇ ਹੁਣ ਦਿਸ ਰਹੇ ਹਨ, ਇਉਂ ਦਾਸਨ ਦਾਸ ਨੂੰ ਸੁਰਤ'ਚ ਅਰਥਾਂ ਸਹਿਤ ਸੱਚੇ ਗੁਰਬਾਣੀ ਜੀ ਦਿਸ ਰਹੇ ਹਨ।" ਵਾਹੁ! ਵਾਹੁ! ਕੈਸੀ ਸ੍ਰਬ ਵਿਆਪੀ ਮਹਾਂ ਵਿਸਮਾਦ ਅਵਸਥਾ ਹੈ, ਜੋ ਸੁਰਤ'ਚ ਸੱਚੇ ਗੁਰਬਾਣੀ ਜੀ ਦੇ ਪਰਮ ਮਨੋਹਰ ਸੱਚੇ ਦਰਸ਼ਨ ਹੋਣੇ! ਐਸੇ ਸੱਚੇ ਮਹਾਂਪੁਰਸ਼ਾਂ ਨੂੰ ਦਾਸਨ ਦਾਸ ਰੋਮ ੨ ਕਰਕੇ ਸਦਾ ੨ ਨਮਸਕਾਰ ਕਰਦਾ ਹੈ। ਕੋਈ ਵਿਰਲਾ ੨ ਸੱਚਾ ਮਹਾਂਪੁਰਸ਼ ਹੀ ਸੁਰਤ'ਚ ਸੱਚੇ ਗੁਰਬਾਣੀ ਜੀ ਤੱਕਣ ਬਾਰੇ ਕਹਿੰਦਾ ਹੈ।

**੧੧. ਪੂਰਨ ਗੁਰੂ ਗੁਰਬਾਣੀ ਜੀ ਦੀ ਸ਼ੁੱਧ ਸੰਥਾ ਕਰਨ ਕਰਾਉਣ ਲਈ, ਸਰਬ ਵਿਆਪੀ ਮਹਾਂ ਵਿਸਮਾਦ ਪ੍ਰੇਮ ਬੇਨਤੀਆਂ:-** ਸੰਥਾ ਕਰਾਉਣ ਨਾਲ ;ਸਰਬ ਕਲਾ ਸਮਰਥ॥ ਸਤਿਗੁਰੂ ਨਾਨਕ ਦੇਵ ਸਾਹਿਬਜੀ ਦੇ ਮਿਸ਼ਨ 'ਚ ਪ੍ਰਚਾਰ ਦਾ ਭਾਰੀ ਵਾਧਾ ਹੁੰਦਾ ਹੈ। ਅਤਿਅੰਤ ਨਿਮ੍ਰਤਾ ਪ੍ਰੇਮ ਹਲੀਮੀ ਨਾਲ ਸੰਥਾ ਕਰਾਉਣੀ, ਬਹੁਤ ਹੀ ਵੱਡਾ ਉੱਤਮ ਗੁਣਾਂ ਸਿਰ ਗੁਣ ਹੈ। ਪਿਆਰੇ ਬੱਚੇ ਨੂੰ ਪਿਆਰ ਦਿਲਾਸਾ ਦੇ ਕੇ, ਬਾਰ ੨ ਸਮਝਾ ਕੇ ਪੜ੍ਹਾਉ, ਰੱਬਜੀ ਆਪਜੀ 'ਤੇ ਸਦਾ ਤਰਸ ਕਰਨਗੇ। ਦੀਰਘ ਲੰਬੀ, ਲਘੂ ਛੋਟੀ ਲਗ ਦਾ ਨਿਰਨਾ ਲਿਖ ਕੇ ਬਾਰ ਬਾਰ ਸੁਣ ਲਿਖਾ ਕੇ, ਅਭਿਆਸ ਕਰਾਇਆ ਜਾਵੇ। ਪਿਆਰਾ ਬੱਚਾ ਪਹਿਲਾਂ ਤੁਕ ਦੀ ਇਕੱਲੀ ਇਕੱਲੀ ਲਗ ਦੱਸੇ, ਇਹ ਵੱਡੀ ਹੈ, ਇਹ ਛੋਟੀ ਹੈ, ਫਿਰ ਇਕੱਲੀ ੨ ਲਗ ਬੋਲ ਕੇ, ਅੱਖਰ ਜੋੜ ਕੇ ਤੁਕ ਪੜ੍ਹੇ, ਫਿਰ ਸਿੱਧੀ ਤੁਕ ਪੜ੍ਹੇ, ਜਿਤਨਾ ਚਿਰ ਦੀਰਘ ਲਘੂ ਦਾ ਨਿਸਚਾ ਨ ਹੋਵੇ, ਉਤਨਾ ਚਿਰ ਦੀਰਘ ਲਘੂ ਇਕੱਲੀ ੨ ਲਗ ਸੁਣਨੀ, ਫਿਰ ਇਕੱਲੀ ੨ ਲਗ ਨਹੀਂ ਬੋਲਣੀ।ਜੱਗ 'ਤੇ, ਸੰਥਾ ਕਰੌਣ ਵਾਲਿਆਂ ਦੀ ਬਹੁਤ ਹੀ ਘਾਟ ਹੈ। ਜਿਹੜੇ ਬੱਚਿਆਂ ਦੀ ਇਕੱਲੀ ੨ ਲਗ ਬੋਲ ਕੇ ਸ਼ੁੱਧ ਸੰਥਾ ਕਰਾਈ ਸੁਣੀ ਜਾਵੇਗੀ, ਉਹ ਜੱਗ ਤੇ ਸੰਥਾ ਕਰਾਉਣਗੇ, ਸ਼ੁੱਧ ਉਚਾਰਨ ਦਾ ਗੁਣ ਪ੍ਰਾਪਤ ਕਰਕੇ, ਅਪਣੇ ਬੱਚਿਆਂ ਨੂੰ ਘਰੇ ਗੁਰਬਾਣੀ ਅਰਥ

ਪੜ੍ਹਾਉਣਗੇ, ਉਨ੍ਹਾਂ ਨੂੰ ਗੁਰਮੁਖ ਬਣਾਉਣਗੇ, ਖੁਸ਼ੀਆਂ ਪਾਉਣਗੇ, ਨਿਹਾਲ ਹੋਵਣਗੇ। ਸ਼ੁੱਧ ਉਚਾਰਨ ਇਕੱਲੀ ੨ ਲਗ ਬੋਲਣ, ਮੁਹਾਰਨੀ ਦਾ ਅਭਿਆਸ ਕਰਨ ਨਾਲ, ਸਾਰੇ ਬ੍ਰਹਮੰਡਾਂ ਚ ਗੁਰਸਿੱਖੀ ਫੈਲੇ। ਸ਼ੁੱਧ ਉਚਾਰਨ ਬਿਨਾ, ਗੁਰਬਾਣੀ ਜੀ ਅੰਦਰ ਪ੍ਰਵੇਸ਼ ਨਹੀਂ ਕਰਦੇ। ਵੱਡੇ, ਆਪ ਇਕੱਲੀ ੨ ਲਗ ਬੋਲਣ ਪਕਾਉਣ, ਬੱਚੇ ਨੂੰ ਤੋਤਲੀ ਜ਼ਬਾਨ ਤੋਂ ਕਹਾਉਣ ਸੁਨਣ ਲੱਗਣ, ਇਸ ਪੋਥੀ ਚ ਫ਼ੋਟੂਆਂ ਹੇਠਾਂ ਸ਼ੁਭ ਨਾਮ ਲਿਖੇ ਹਨ, ਇਹ ਫ਼ੋਟੋ ਕੰਪਿਊਟ੍ਰ ਤੋਂ ਪ੍ਰਿੰਟ ਕਰਕੇ ਘਰੇ ਲਾਉ, ਇਨ੍ਹਾਂ ਤੋਂ ਇਕੱਲੀ ੨ ਲਗ ਬੱਚੇ ਨੂੰ ਕਹਾਵੋ, ਗੁਰਮੁਖਿ ਬਣੋ ਬਣਾਵੋ, ਸ਼ੁੱਧ ਚਾਲ ਚਲਣ ਭਜਨ ਬਿਨਾ ਨਿੱਤ ੨ ਖੁਆਰੀ ਹੈ ਜੀ। ਰੋਟੀ ਦੇਣ ਸਮੇਂ ਕਹਿਣ ਰਾਰੇ ਹੋੜਾ ਰੋ, ਟੈਂਕੇ ਬਿਹਾਰੀ ਟੀ ਰੋਟੀ, ਰਾਰੇ ਕੰਨਾ ਰਾ ਮੰਮਾ ਮੁਕਤਾ ਮ ਰਾਮ। ਮਾਮਾ ਚਾਚਾ ਪਿਤਾ ਉਨ੍ਹਾਂ ਦੇ ਨਾਮ ਇਕੱਲੀ ੨ ਲਗ ਬੋਲ ਕੇ ਬੁਲਾਉਣ, ਘਰ ਦੀਆਂ ਚੀਜਾਂ ਦਿਖਾ ਕੇ ਉਨ੍ਹਾਂ ਦੇ ਨਾਮ ਇਕੱਲੀ ੨ ਲਗ ਬੁਲਾ ਕੇ ਕਹਾਉਣ, ਬਾਹਰ ਜਾਣ ਤੋਂ ਜਿਹੜੀ ਚੀਜ਼ ਦੇਖਣ ਇਕੱਲੀ ੨ ਲਗ ਬੋਲ ਕੇ ਕਹਾਉਣ, ਛੇਤੀ ਪੜ੍ਹਨਾ ਆਵੇ। ਪਿਆਰੇ ਬੱਚਿਆਂ ਨੂੰ ਇਖ਼ਲਾਕ ਬਾਰੇ, ਸ਼ਬਦ ਸਾਖੀਆਂ ਚੇਤੇ ਕਰਾ ਕੇ ਸੁਣਦੇ ਸੁਣਾਉਂਦੇ ਰਹੋ। ਬੱਚੇ ਨੂੰ ਇੱਕ ੨ ਅੱਖਰ ਦਿਖਾ ਕੇ, ਬਹੁਤੇ ਵਾਰੀਂ ਕਹਾਈ ਜਾਵੋ, ਜਦੋਂ ਦੇਖੋਂ ਇਸ ਨੂੰ ਨਿਸਚੇ ਦੱਸਣਾ ਆਉਂਦਾ ਹੈ, ਫਿਰ ਪੁੱਛੋ, ਦੱਸਣ ਤੋਂ ਸ਼ਾਬਾਸ਼ ਕਹਿ ਕੇ ਦਿਲ ਵਧਾਉ।ਦੀਰਘ ਲਘੂ ਦੱਸ ਕੇ ਲਿਖੀ ਵਾਰਤਿਕ ’ਚੋਂ ਪੁੱਛੋ, ਅਭਿਆਸ ਕਰਾਉ, ਦੀਰਘ ਲਘੂ ਚੇਤੇ ਕਰਾਉਣੇ ਬਹੁਤ ਹੀ ਜ਼ਰੂਰੀ ਹਨ। ਦੀਰਘ ਲਘੂ ਚੇਤੇ ਨ ਹੋਣੇ ਕਰਕੇ, ਦੀਰਘ ਨੂੰ ਲਘੂ ਤੇ ਲਘੂ ਨੂੰ ਦੀਰਘ ਬੋਲ ਕੇ, ਬੱਚਾ ਗ਼ਲਤੀ ਕਰਦਾ ੨ ਡਰਦਾ ਰਹੇਗਾ। ਬੱਚਾ ਇਕੱਲਾ ੨ ਅੱਖਰ ਬੋਲਣ ਤੋਂ ਕਾਹਲ਼ਾ ਪੈ ਕੇ, ਘੋਟਾ ਲਾ ਕੇ ਹੀ ਚੇਤੇ ਕਰੇਗਾ, ਉਵੇਂ ਹੀ ਸੁਣਾਏਗਾ, ਉਸ ਨੂੰ ਦਿਲਾਸੇ ਨਾਲ, ਖਿਮਾ ਭਾਵਨਾ ਨਾਲ ਮੋੜ ਕੇ, ਇਕੱਲਾ ੨ ਅੱਖਰ ਲਗ ਬੁਲਾ ਕੇ, ਪਿਆਰ ਨਾਲ ਸੁਣ ਕੇ, ਅਭਿਆਸ ਕਰਾਇਆ ਜਾਵੇ। ਜਦੋਂ ਲਗਾਂ ਸ਼ੁੱਧ ਚੇਤੇ ਹੋ ਜਾਣ, ਤਦੋਂ ਇਕੱਲਾ ੨ ਅੱਖਰ ਸੁਣਨ ਦੀ ਲੋੜ ਨਹੀਂ। ਸ੍ਰੀ ਦਮਦਮੀ ਟਕਸਾਲ’ਚ ਪੱਚੀ ਵਾਰ ਸੰਥਾ ਪੜ੍ਹਨ ਦੀ ਮਰਯਾਦਾ ਹੈ। ਮਿਲਤ’ਚ ਸੰਥਾ ਕਰਕੇ, ਮਿਲ ਕੇ ਵਿਸ਼ਰਾਮ ਚੇਤੇ ਕਰਨੇ ਚਾਹੀਦੇ ਹਨ। ਬੱਚੇ ਦੇ ਅਧਿਕਾਰ ਅਨੁਸਾਰ, ਜਿਤਨੀ ਵਾਰੀ ਲੋੜ ਹੋਵੇ, ਤਿੰਨ ਜਾਂ ਪੰਜ ਜਾਂ ਵੀਹ ਵਾਰੀ ਅੱਗੇ ਕਹਾ ੨ ਕੇ ਸੰਥਾ ਕਰਾਵੇ। ਇਉਂ ਢਿੱਲੇ ਤੋਂ ਢਿੱਲੇ ਨੂੰ ਭੀ ਤੋਰ ਲੈਣਾ ਚਾਹੀਦਾ ਹੈ। ਸੰਥਾ ਕਰਾਉਣ ਵਾਲਾ, ਪ੍ਰੇਮੀ ਪੰਗਤੀ ਦੇ ਅਰੰਭ ਤੋਂ ਵਿਸ਼ਰਾਮ ਤੱਕ, ਅੱਧੀ ਪੰਗਤੀ ਬੋਲੇ, ਸੰਥਾ ਕਰਨ ਵਾਲੇ ਅਗਲੀ ਅੱਧੀ ਪੰਗਤੀ ਬੋਲਣ, ਇਸ ਤਰੀਕੇ ਨਾਲ ਮਿਲ ਕੇ, ਬੜਾ ਭਾਰੀ ਅਨੰਦ ਆਵੇਗਾ,

ਵਿਸ਼ਰਾਮ ਚੇਤੇ ਹੋਣਗੇ। ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ; ਮਿਲਿ ਸੰਗਤਿ ਗੁਣ ਪਰਗਾਸਿ॥ ਇਸੇ ਤਰ੍ਹਾਂ ਦੋ ਤਿੰਨ ਵਾਰੀ ਕਹੀ ਕਹਾਈ ਜਾਵੇ, ਵਿਸ਼ਰਾਮ ਦਾ ਪੂਰਾ ੨ ਖਿਆਲ ਰੱਖਣਾ। ਜਿਹੜਾ ਪਾਠ ਔਖਾ ਹੋਵੇ, ਉਸ ਨੂੰ ਜ਼ਿਆਦਾ ਵਾਰ ਕਹਿ ੨ ਕੇ ਅਰਥਾਂ ਸਹਿਤ ਪਕਾ ਲੈਣਾ। ਸੰਥਾ ਅਰਥਾਂ ਦੇ ਅਧਾਰ 'ਤੇ ਕਰਾਈ ਜਾਵੇ। ਅਰਥ ਦੀ ਟੇਕ 'ਤੇ ਵਿਸ਼ਰਾਮ, ਅਰਧ ਵਿਸ਼ਰਾਮ ਦਾ ਸੌਖਾ ਹੀ ਪਤਾ ਲੱਗਦਾ ਹੈ। ਅਰਥ ਸਹਿਤ ਦਿਮਾਗ਼ 'ਤੇ ਬੋਝ ਨਹੀਂ ਪੈਂਦਾ। ਅਰਥਾਂ ਬਿਨਾ, ਵਿਸ਼ਰਾਮ ਫਿਰ ਮੁੜ ੨ ਕੇ ਭੁੱਲਦੇ ਹਨ।ਸਾਰੀਆਂ ਲਗਾਂ ਲਾ ਕੇ ਬੱਚੇ ਨੂੰ ਸ਼ੁੱਧ ਸੰਥਾ ਕਰਾਈ ਜਾਵੇ, ਫਿਰ ਪੂਰੀਆਂ ਲਗਾਂ ਲਾਉਣ ਦਾ ਸ਼ੁੱਧ ਅਭਿਆਸ ਕਰੇ, ਨਹੀਂ ਤਾਂ ਸੰਥਾ ਅਧੂਰੀ ਤੇ ਅਸ਼ੁੱਧ ਹੀ ਰਹਿ ਜਾਵੇਗੀ। ਉਸ ਦੀ ਲਗਾਂ ਦੀ ਪਕਿਆਈ, ਮਿਹਨਤ ਨਹੀਂ ਹੋਵੇਗੀ, ਜ਼ਬਾਨ ਸ਼ੁੱਧ ਨਹੀਂ ਗਿੱਝੇਗੀ। ਔਂਕੜ ਸਿਹਾਰੀ ਕਨੌੜਾ ਆਦਿ ਲਗਾਂ ਪੂਰੀਆਂ ਨਹੀਂ ਲਾ ਸਕੇਗਾ।ਪੂਰੀਆਂ ਲਗਾਂ ਲਾ ਕੇ, ਸ਼ੁੱਧ ਉਚਾਰਨ ਕੀਤੇ ਬਿਨਾ, ਮੁਹਾਰਨੀ ਕੱਚੀ ਹੀ ਰਹਿ ਜਾਂਦੀ ਹੈ। ਸ਼ੁੱਧ ਗੁਰਬਾਣੀ ਸੁਣ ਕੇ ਸਮਰੱਥ ਪ੍ਰਭੂ ਸਤਿਗੁਰੂ ਸਾਹਿਬਜੀ ਭੀ ਭਾਰੀ ਪ੍ਰਸੰਨ ਹੁੰਦੇ ਹਨ।ਗੁਰਸ਼ਬਦ ਦੇ ਅਰੰਭ, ਭੋਗ 'ਤੇ ਗੁਰਸ਼ਬਦ ਨੂੰ ਮੱਥਾ ਟੇਕੋ। ਜੀ।ਸੰਥਾ ਸੁਣਨ ਸਮੇਂ ਭੀ, ਉਸੇ ਤਰ੍ਹਾਂ ਬੱਚਾ ਇਕੱਲੇ ੨ ਅੱਖਰ ਦੀ ਲਗ ਦੀਰਘ ਲਘੂ ਦੱਸੇ, ਬਈ ਇਹ ਲਘੂ ਹੈ, ਦੀਰਘ ਹੈ, ਜੇ ਦੀਰਘ ਲਘੂ ਲਗਾਂ ਚੇਤੇ ਨਹੀਂ ਹੁੰਦੀਆਂ ਤਾਂ ਬਾਰ ੨ ਦੱਸੀਆਂ ਪੁੱਛੀਆਂ ਜਾਣ, ਦੀਰਘ ਲਘੂ ਦੱਸ ਕੇ ਪਿਆਰ ਨਾਲ ਚੇਤੇ ਕਰਾ ਦਿਤੀਆਂ ਜਾਣ। ਬੱਚਾ ਇਕੱਲਾ ੨ ਅੱਖਰ ਲਗ ਬੋਲ ਕੇ ਸੰਥਾ ਸੁਣਾਵੇ।ਜੇਕਰ ਇਕੱਲੇ ੨ ਅੱਖਰ, ਲਗ ਦਾ ਜੋੜ ਕਰਕੇ ਵਿੱਦਿਆ ਪੜ੍ਹਾਈ ਜਾਵੇ, ਤਾਂ ਕਮਜ਼ੋਰ ਸ਼ਿਸ਼ ਨੂੰ ਲਗਾਂ ਦੀ ਪਹਿਚਾਣ, ਸ਼ੁੱਧ ਅਵਾਜ਼ ਭੀ ਪੱਕ ਜਾਵੇ। ਇੱਕ ੨ ਅੱਖਰ ਨੂੰ ਲਗ ਸਮੇਤ ਜ਼ਿਆਦਾ ਵਾਰੀ ਕਹਾ ਕੇ, ਉਸੇ ਵੇਲੇ ਇਕੱਲੇ ੨ ਅੱਖਰ ਦੀ ਲਗ ਬੁਲਾ ਕੇ ਸੁਣਿਆਂ ਜਾਵੇ।ਬੱਚਿਆਂ ਨੂੰ ਗੁਰਮੁਖਿ ਬਨਾਉਣ ਲਈ, ਸੰਪੂਰਨ ਨਿੱਤਨੇਮ, ਸ੍ਰੀ ਸੁਖਮਨੀ ਸਾਹਿਬ ਜੀ ਇਕੱਲੀ ੨ ਲਗ ਬੋਲ ਕੇ ਕਰੇ ਤੇ ਕਰਾਵੇ।

ਸ੍ਰਬ ਵਿਆਪੀ ਮਹਾਂ ਵਿਸਮਾਦ ਖ਼ੁਸ਼ ਖਬਰੀ!:- ਪਰਮਪੂਜਨੀਕ ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਵਾਹਿਗੁਰੂ ਪਰਮਪੂਜਨੀਕ ਧੰਨ ਧੰਨ ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦਾ ਸ੍ਰਬੱਤ ਦੇ ਭਲੇ ਦਾ ਗੁਰਮਤਿ ਮਤਿ, ਖੰਡ ਬ੍ਰਹਮੰਡ ਨੂੰ ਉਧਾਰਨ ਵਾਲਾ ਸਾਰੇ ਬ੍ਰਹਮੰਡਾਂ ਅੰਦਰ ਫ਼ੈਲਣਾ ਹੈ ਜੀ।ਸੰਥਾ ਦੇਣ ਵਾਲੇ ਮਹਾਂਪੁਰਸ਼ ਜੀ ਨੂੰ ਚਰਨ ਚੱਟ ਕੇ ਨਿਮ੍ਰਤਾ ਸਹਿਤ ਪ੍ਰੇਮ ਬੇਨਤੀ ਹੈ, ਪੂਰਨ ਗੁਰੂ ਜੀ ਦੇ ਨਿੱਕੇ ਤੋਂ ਨਿੱਕੇ ਕੀੜੇ ਬਣ ਕੇ, ਪੂਰਨ ਗ੍ਰੀਬੀ ਨਾਲ, ਪਿਆਰੇ ਸ਼ਿਸ਼ ਜੀ ਦਾ ਪੂਰਨ ਅਦਬ

ਸਤਿਕਾਰ ਕਰਨ, ਆਪ ਵੱਡੇ ਨ ਬਨਣ, ਪੂਰਨ ਅਦਬ ਸਤਿਕਾਰ ਕਰਕੇ, ਪੂਰਨ ਪ੍ਰੇਮ ਦੀ ਡੋਰੀ ਪਾ ਕੇ ਬੰਨ੍ਹ ਲੈਣ, ਜੀ ਕਹਿ ਕੇ ਬਹੁ ਵਚਨ ਬੋਲਣ, ਚਰਣੀ ਲੱਗਣ, ਪ੍ਰੇਮ ਠਗਉਰੀ ਪਾ ਕੇ ਠੱਗਣ। ਆਪ ਪੋਥੀ ਪ੍ਰਕਾਸ਼ ਕਰਕੇ ਸੰਥਾ ਕਰਾਉਣ, ਅੱਖਰ ਤੋਂ ਨਿਗ੍ਹਾ ਪਰੇ ਨ ਕਰਨ,ਆਪ ਲਗਾਂ ਚੇਤੇ ਕਰਨ ਕਰਾਉਣ। ਜਿਤਨੇ ਅੰਗ ਸੰਥਾ ਕਰਨੀ ਹੋਵੇ, ਦਾਸਾਂ ਵੱਲੋਂ ਛਪੀ, ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਤੋਂ, ਅਪਣੇ ਟੀਚਰ ਨੂੰ, ਪੱਚੀ ਵਾਰੀ ਸੁਣਾਉ। ਇਸ ਪੋਥੀ'ਤੇ ਵਿਸ਼ਰਾਮ ਲਿਖੇ ਹਨ। ਪੜ੍ਹਨ ਸੁਣਨ ਵਾਲੇ ਸਭ ਗੁਰੂ ਪ੍ਰੇਮੀਆਂ ਦੇ ਚਰਨਕਮਲ, ਅਪਣੇ ਦਾੜ੍ਹੇ ਕੇਸਾਂ ਨਾਲ ਹਰ ਸਮੇਂ ਬਾਰ ਬਾਰ ਝਾੜ੍ਹ ਕੇ, ਚਰਨ ਚੱਟ ਕੇ, ਪ੍ਰਕਰਮਾਂ ਡੰਡਉਤਾਂ ਕਰਕੇ, ਅਪਣਾ ਮੂੰਹ ਕਾਲ਼ਾ ਕਰਕੇ, ਢੀਠ ਬਣ ਕੇ, ਖ਼ਰੀ ਪ੍ਰੇਮ ਬੇਨਤੀ ਹੈ ਜੀ। ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਪਿੰਡ ਭਿੰਡਰਾਂ ਗੁਰਦੁਆਰਾ ਵਿਖੇ ਪਲੰਘ 'ਤੇ ਸਿਮਰਨ ਨਾਲ ਰੱਜੇ ਬੈਠੇ ਸਨ। ਦਾਸਨਦਾਸੀ ਨੂੰ ਕਿਹਾ, "ਮੁਹਾਰਨੀ ਭਜਨ ਹੈ।" ਇਹ ਅਮੋਲਕ ਹੀਰਾ ਸ਼ੁੱਭ ਬਚਨ, ਦਾਸਨਦਾਸੀ ਦੇ ਹਿਰਦੇ ਚ ਵਸ ਗਿਆ, ਇਸ ਸ਼ੁਭ ਅਮੋਲਕ ਹੀਰੇ ਬਚਨ ਨੂੰ ਮੰਨਣ ਨਾਲ ਸਭ ਜੀਆਂ ਦੀ ਕਲਿਆਣ ਹੋਵੇ, ਸਾਰੇ ਦੇਸ਼ਾਂ ਚ ਗੁਰਬਾਣੀ ਜੀ ਫ਼ੈਲ਼ ਜਾਣ ਜੀ। ਗੁਰਬਾਣੀ ਸ਼ੁੱਧ ਉਚਾਰਦਿਆਂ, ਇੱਕ ਭੀ ਲਗ ਛੱਡਣੀ ਨਹੀਂ ਚਾਹੀਦੀ। ਲਗ ਅਨੁਸਾਰ ਇਕੱਲਾ ੨ ਅੱਖਰ ਬੋਲ ਬੁਲਾ ਕੇ ਗੁਰਬਾਣੀ ਜੀ ਦੀ ਸੰਥਾ ਕਰਨੀ ਕਰਾਉਣੀ ਚਾਹੀਏ। ਅਜੇ ਤੱਕ ਦੁਨੀਆਂ ਚ ਇਕੱਲੀ ੨ ਲਗ ਅੱਖਰ ਬੋਲ ਕੇ, ਸੰਥਾ ਕਰਨ ਕਰਾਉਣ ਦੀ ਪ੍ਰਪਾਟੀ ਨਹੀਂ ਪਈ ਜੀ। ਸੰਥਾ ਕਰਾਉਣ ਵਾਲੇ ਪ੍ਰੇਮੀਆਂ ਨੂੰ ਚਰਨ ਚੱਟ ਕੇ, ਪ੍ਰੇਮ ਬੇਨਤੀ ਹੈ, ਇਕੱਲੀ ੨ ਲਗ ਬੋਲ ਕੇ, ਆਪ ਅਭਿਆਸ ਕਰਨ, ਅੱਗੇ ਸਿਸ਼ਾਂ ਨੂੰ ਕਰਾਉਣ, ਤਾਂ ਹੀ ਪੂਰਨ ਗੁਰੂ ਜੀ ਦਾ ਪੂਰਨ ਸਤਿਕਾਰ ਹੈ ਜੀ, ਸ਼ੁੱਧ ਗੁਰਬਾਣੀ ਜੀ ਪੜ੍ਹਾ ਕੇ, ਪੂਰਨ ਗੁਰੂ ਜੀ ਦੀਆਂ ਪੂਰਨ ਖੁਸ਼ੀਆਂ ਪਾਉਣ। ਇਕੱਲੀ ੨ ਲਗ ਬੋਲਣ ਅਭਿਆਸ ਬਿਨਾ, ਸ਼ੁੱਧ ਉਚਾਰਨ ਨਹੀਂ ਬਣਦਾ, ਨ ਹੀ ਅੰਦਰ ਗੁਰਬਾਣੀ ਜੀ ਪ੍ਰਵੇਸ਼ ਕਰਦੇ ਹਨ। ਇਕੱਲੀ ੨ ਲਗ ਬੋਲੇ ਬੁਲਾਏ ਬਿਨਾ, ਸੰਥਾ ਕਰੌਣ ਵਾਲੇ ਨਹੀਂ ਮਿਲ ਰਹੇ, ਜਿਹੜੇ ਸੰਥਾ ਕਰਦੇ ਹਨ, ਉਹ ਭੀ ਕਈ ਵਰ੍ਹੇ ਸੰਥਾ ਕਰਕੇ ਸ਼ੁੱਧ ਉਚਾਰਨ ਨਹੀਂ ਕਰ ਕਰਾ ਸਕਦੇ। ਇਸ ਅਮੋਲਕ ਢੰਗ ਨਾਲ ਸਾਰੀ ਦੁਨੀਆਂ ਤੇ ਸ਼ੁੱਧ ਉਚਾਰਨ ਦੀ ਪ੍ਰਪਾਟੀ ਘਰ ੨ ਪਵੇ, ਗੁਰਸਿੱਖੀ ਫ਼ੈਲੇ ਜੀ। ਪੂਰੀਆਂ ਲਗਾਂ ਲਾ ਕੇ ਉਚਾਰਨ ਵਾਲੇ ਸਭ ਪ੍ਰੇਮੀਆਂ ਦਾ ਉਚਾਰਨ ਸ਼ੁੱਧ, ਇੱਕੋ ਜਿਹਾ ਹੁੰਦਾ ਹੈ। ਪੂਰੀਆਂ ਲਗਾਂ ਲਾਉਣ ਬਿਨਾ, ਉਚਾਰਨ ਵੱਖਰਾ ੨ ਅਸ਼ੁੱਧ

ਹੁੰਦਾ ਹੈ। ਦਾਸਨਦਾਸੀ ਨੂੰ ਕਨੇਡਾ ਆ ਕੇ ੧੦ ਬਾਣੀਆਂ ਦੀ ਰਿਕਾਰਡਿੰਗ ਦਾ ਸਮਾ, ਪੂਰਨ ਗੁਰੂ ਜੀ ਨੇ ਬਖ਼ਸ਼ਿਆ, ਜਿਵੇਂ ਭਾਇਆ ਲਗਾਂ ਲਵਾਈਆਂ ਹਨ। ਪੂਰੀਆਂ ਲਗਾਂ ਸਹਿਤ ਸ਼ੁੱਧ ਉਚਾਰਨ ਸੁਣਦਿਆਂ, ਜਿੱਥੇ ਲਗ ਪੂਰੀ ਲੱਗਦੀ ਹੈ, ਅੰਦਰ ਅੱਖਰ ਦਿਸਦੇ ਹਨ, ਸ਼ੁੱਧ ਧੁਨਿ ਬੜੀ ਹੀ ਮਿੱਠੀ ਲੱਗਦੀ ਹੈ, ਮਨ ਨੂੰ ਖਿੱਚ ਲੈਂਦੀ ਹੈ, ਮਹਾਂ ਹੀ ਮਹਾਂ ਵਿਸਮਾਦ ਕਰਦੀ ਹੈ। ਸ਼ੁੱਧ ਉਚਾਰਨ ਦਾ ਪ੍ਰੇਮ ਪ੍ਰਚਾਵਾ ਕੋਟਿ ਰਾਜ ਸੁਖ ਨਾਲੋਂ ਵੱਡਾ ਹੈ। ਸ਼ੁੱਧ ਉਚਾਰਨ ਸਹਿਤ ਰਿਕੌਰਡ ਕੀਤੇ, ਗੁਰਬਾਣੀ ਜੀ ਲਾ ਕੇ ਰਾਤ ਨੂੰ ਸੌਣ ਦੇ ਕੋਟਾਨ ਕੋਟਿ ਅਨੰਦ ਫ਼ਲ ਸੁਖ ਹਨ। ਪੂਰਨ ਸਤਿਗੁਰਾਂ ਦੀ ਕਮਾਈ ਸਦਕਾ ਸੁਪਨੇ ਚ, ਸ਼ੁਧ  ਰੀਕਾਰਡ ਗੁਰਬਾਣੀ ਜੀ, ਪੂਰਨ ਗੁਰੂ ਜੀ ਸੁਣਾਉਂਦੇ ਹਨ। ਸ਼ੁੱਧ ਉਚਾਰਨ ਕਰਨ ਸੁਣਨ ਨਾਲ ਪੂਰਨ ਗੁਰੂ ਜੀ,  ਅਪਣੇ ਗੁਰਸੇਵਕ ਜੀ ਦੇ ਹਿਰਦੇ ਚੋਂ ਮੁੱਖ ਚ ਹਰ ਸਮੇਂ ਅੰਮ੍ਰਿਤ ਭੇਜਦੇ ਰਹਿੰਦੇ ਹਨ। ਸੁੱਧ ਉਚਾਰਨ ਦੇ ਵਿਸ਼ੇਸ਼ ਲਾਹੇ ਹੀ ਲਾਹੇ, ਦਾਸਨ ਦਾਸਾਂ ਤੋਂ ਬ੍ਰਹਮਵਿੱਦਿਆ ਵਾਲੀ ਪੋਥੀ ਚ, ਪੂਰਨ ਸਤਿਗੁਰਾਂ ਨੇ ਸ੍ਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ ਕਰਕੇ ਲਿਖਵਾਏ ਹਨ, ਉੱਥੋਂ ਪੜ੍ਹੋ। ਗੁਰਤਾ ਬਿਰਾਜਮਾਨ ਸਦਾ ਮਿਹਰਵਾਨ ਪੂਰਨ ਭਗਵਾਨ, ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ, ਹਰ ਪ੍ਰਾਣੀ ਅਤੇ ਸਮੂਹ ਸੰਸਾਰ ਦਾ ਭਵਿੱਸ਼ ਗੁਰਮੁਖਿ ਸੁਖੱਲਾ ਬਣਾਉਂਦੇ ਹਨ।  ਅਪਣੇ ਆਪ ਕਿਸੇ ਤੋਂ ਭੀ ਅਪਣਾ ਭਵਿਸ਼ ਚੰਗਾ ਨਹੀਂ ਬਣ ਸਕਦਾ। ਸਭ ਸੰਸਾਰ ਦਾ ਬੱਚਾ ਬੱਚੀ, ਗੁਰਮੁਖੀ ਸ਼ੁਧ ਗੁਰਬਾਣੀ ਸੰਥਾ ਪੜ੍ਹੇ ਪੜ੍ਹਾਵੇ ਗੁਰਬਾਣੀ ਅਰਥ ਚੇਤੇ ਕਰੇ ਕਰਾਵੇ ਮੁਹਾਰਨੀ ਪਕਾਵੇ, ਗੁਰਸ਼ਬਦ ਅਰਥ ਪ੍ਰਾਪਤ ਕਰੇ ਕਰਾਵੇ, ਦਿਲ ਚ ਵਸਾਵੇ, ਗੁਰਪ੍ਰਸਾਦਿ ਕਮਾਵੇ, ਨਿਹਾਲ ਹੋਇ ਜਾਵੇ। ਪੂਰਨ ਗੁਰੂ ਜੀ ਦੀ ਸਰਬ ਵਿਆਪੀ ਮਹਾਂ ਵਿਸਮਾਦ ਪੂਰਨ ਕ੍ਰਿਪਾ ਸਦਕਾ ਪ੍ਰੇਮੀ ਜੀ ਅੰਦਰ ਇਹ ਸ਼ੁੱਭ ਇੱਛਾ ਹੋਵੇ, ਦਾਸਨਦਾਸ ਨੂੰ ਸੁਰਤ ਚ, ਗੁਰਸ਼ਬਦ ਅਰਥਾਂ ਲਗਾਂ ਅੱਖਰਾਂ ਸਹਿਤ ਦਰਸ਼ਨ ਬਖ਼ਸ਼ਣ। ਕਈ ਲੰਮਾ ਸਮਾ ਇਕੱਲੇ ਜ਼ੋਰ ਲਾ ਕੇ ਗੁਰਬਾਣੀ ਪੜ੍ਹਦੇ, ਸਿਮਰਨ ਕਰਦੇ ਥੱਕ ਜਾਂਦੇ ਹਨ ਕਿ ਸਾਨੂੰ ਕੁੱਝ ਪ੍ਰਾਪਤ ਨਹੀਂ ਹੋਇਆ, ਇਸ ਲਈ ਵਿਦਿਆਰਥੀ ਨੂੰ ਸੰਸਕਾਰ ਪਕਾਇਆ ਜਾਵੇ ਕਿ ਉਹ ਗੁਰਸ਼ਬਦ ਅੱਖਰਾਂ ਲਗਾਂ ਅਰਥਾਂ ਸਹਿਤ ਚੇਤੇ ਕਰੇ। ਵਿਦਿਆਰਥੀ ਇਕੱਠੇ ਪੋਥੀਆਂ ਪ੍ਰਕਾਸ਼ ਕਰਕੇ ਗੁਰਸ਼ਬਦ ਅਰਥਾਂ ਸਹਿਤ ੨੫ ਵਾਰ ਗਾਉਣ, ੧੦੧ ਵਾਰ ਅਰਥਾਂ ਬਿਨਾ ਗੁਰਸ਼ਬਦ ਗਾਉਣ, ਫੇਰ ਇੱਕ ਪਾਠ ਕਰੇ ਦੂਜਾ ਜ਼ਬਾਨੀ ਅਰਥ ਬੋਲੇ, ਵਾਰੀ ੨ ਅਰਥ ਕਰਨ, ਇਓਂ ੫ ਵਾਰੀ ਅਰਥ ਵਿਚਾਰਨ। ਇਹ ਖ਼ਿਆਲ ਹੋਵੇ ਅੱਖਰਾਂ ਅਰਥਾਂ ਸਹਿਤ ਗੁਰਸ਼ਬਦ ਦਾ ਟੈਸਟ ਦੇਣਾ ਹੈ। ਟੈਸਟ ਨੰਬਰ ਇਨਾਮ ਦੇ ਕੇ ਦਿਲ ਵਧਾਇਆ ਜਾਵੇ, ਇਓਂ ਦਿਲ ਚੋਂ ਮੁੱਖ ਚ ਅੰਮ੍ਰਿਤ ਆਵੇ,

ਗੁਰਸ਼ਬਦ ਜੀ ਚ, ਰੋਮ ਰੋਮ ਪ੍ਰਫੁੱਲਤ ਹੋਵੇ। ਸਿੱਖ ਯੂਨੀਵਰਸਿਟੀ ਟਕਸਾਲ ਚ ਇਹ ਪ੍ਰਪਾਟੀ ਪਵੇ। ਦੁਨੀਆਂ ਦੇ ਹਰ ਬੱਚੇ ਨੂੰ ਇਹ ਸ਼ੁੱਭ ਗੁਣ ਸਿਖਾਇਆ ਜਾਵੇ, ਜਿਸ ਕਰਕੇ ਆਉਣ ਵਾਲੀ ਵੰਸ ਚ, ਹਰ ਬੱਚਾ ਬੱਚੀ  ਅਪਣੇ ਬੱਚਿਆਂ ਨੂੰ ਘਰੇ ਪੜ੍ਹਾਵੇ, ਗੁਰਸ਼ਬਦ ਗਾਵੇ ਗਾਵਾਵੇ। ਹਰ ਗੁਰਸੇਵਕ ਜੀ ਅਰਥਾਂ ਅੱਖਰਾਂ ਲਗਾਂ ਸਹਿਤ ਗੁਰਸ਼ਬਦ ਸਾਖਿਆਤ ਕਰਨ, ਜਿਤਨਾ ਚਿਰ ਗੁਰਸ਼ਬਦ ਸਾਖਿਆਤ ਨ ਹੋਵੇ ਅਰਥਾਂ ਲਗਾਂ ਸਹਿਤ ਉਸ ਦਾ ਅਭਿਆਸ ਕਰੇ, ਇਉਂ ਇੱਕ ੨ ਗੁਰਸ਼ਬਦ ਅਰਥਾਂ ਲਗਾਂ ਅੱਖਰਾਂ ਸਹਿਤ ਚੇਤੇ ਕਰਕੇ ਵੱਧ ਤੋਂ ਵੱਧ ਗੁਰਸ਼ਬਦ ਚੇਤੇ ਕਰੇ, ਪੰਜ ਸੌ ਸ਼ਬਦ ਚੇਤੇ ਕਰਨ ਨਾਲ ਪੂਰਾ ਅਨੰਦ ਬਣੇ। ਗੁਰਬਾਣੀ ਜੀ ਦੇ ਅਰਥਾਂ ਚ ਪੂਰਨ ਟਿਕਾਅ, ਪੂਰਨ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਹਨ। ਜੇ ਪੰਜ ਸੌ ਗੁਰਸ਼ਬਦ ਸਾਖਿਆਤ ਹੋਣ, ਉਨ੍ਹਾਂ ਚੋਂ ਜਿਹੜਾ ਸ਼ਬਦ ਪੁੱਛਿਆ ਜਾਵੇ, ਗੁਰਸ਼ਬਦ ਅਰਥਾਂ ਅੱਖਰਾਂ ਲਗਾਂ ਸਹਿਤ ਲਿਖ ਦੇਣ । ਪੂਰਨ ਗੁਰੂ ਜੀ ਸੂਬੱਤ ਦੇ ਭਲੇ ਲਈ ਤੱਤੀ ਤਵੀ ’ਤੇ ਖੜ੍ਹ ਰਹੇ ਹਨ, ਪੂਰੇ ਕਾ ਕੀਆ.ਸਭ ਕਿਛੁ ਪੂਰਾ; ਘਟਿ ਵਧਿ ਕਿਛੁ ਨਾਹੀ॥ ਅਨੁਸਾਰ ਗੁਰਸ਼ਬਦ ਪੂਰਨ ਗੁਰੂ ਜੀ ਹਨ। ਗੁਰਸਿੱਖ ਇਕੱਤ੍ਰ ਹੋ ਕੇ, ਗੁਰਸ਼ਬਦ ਅਰਥ ਵੀਚਾਰਨ, ਗਾਉਣ ਪ੍ਰਾਪਤ ਕਰਨ ਅੱਗੇ ਕਰਾਉਣ, ਦੀਵੇ ਤੋਂ ਦੀਵਾ ਜਗਦਾ ਰਹੇ। ਪੂਰਨ ਗੁਰੂ ਜੀ ਨੇ,  ਅਪਣੇ ਸੇਵਕਾਂ ਨੂੰ ਕਿਸੇ ਦੇ ਅਧੀਨ ਨਹੀਂ ਰੱਖਿਆ, ਸੋ ਇਕੱਲੀ ਇਕੱਲੀ ਲਗ ਬੋਲਣ, ਮੁਹਾਰਨੀ ਪਕਾਉਣ, ਗੁਰਸ਼ਬਦ ਪ੍ਰਾਪਤ ਕਰਨ ਕਰਾਉਣ ਨਾਲ ਦੇਹਧਾਰੀ ਗੁਰੂ ਦੀ ਲੋੜ ਖ਼ਤਮ ਹੋ ਜਾਂਦੀ ਹੈ। ਜਿਵੇਂ ਦੁਨੀਆਂ ਕਲੱਬਾਂ ਜਾ ਕੇ ਨੱਚਦੀ ਹੈ, ਹਰ ਮਾਤਾ ਪਿਤਾ ਇਹ ਜੁਗਤੀ ਸਿੱਖੇ, ਤੋਤਲੀ ਜ਼ਬਾਨ ਤੋਂ ਬੱਚੇ ਬੱਚੀ ਨਾਲ ਗੁਰਬਾਣੀ ਵੀਚਾਰਨ ਗਾਉਣ ਦੀ ਰੀਤੀ ਪਵੇ ਜੀ। ਦੁਰਮੱਤ, ਗੁਰਸਿੱਖੀ ’ਤੇ ਹਮਲੇ ਕਰ ਰਹੀ ਹੈ, ਹਰ ਬੱਚੇ ਨੂੰ ਸ਼ੁੱਧ ਉਚਾਰਨ ਅਰਥ ਵੀਚਾਰਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਨ ਜੋੜਨ ਦਾ ਸ਼ੁਭ ਗੁਣ ਗਿਆਨ ਬਖ਼ਸ਼ਿਆ ਜਾਵੇ। ਸੂਬੱਤ ਦੇ ਭਲੇ, ਤਨ ਮਨ ਦੀ ਸ਼ਾਂਤੀ ਲਈ,ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਪ੍ਰਾਪਤੀ  ਕਰਨੀ ਚਾਹੀਏ। ਸਭ ਗੁਣਾਂ ਤੋਂ ਸ਼੍ਰੋਮਣੀ ਗੁਣ ਹੈ, ਜੋ ਸਤਿਸੰਗਤ ਜੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੁਨਾਉਣੇ, ਗੁਰੂ ਇਤਹਾਸ ਕਥਾ ਸੁਨਾਉਣੀ। ਭਾਵੇਂ ਇੱਕ ਪ੍ਰੇਮੀ ਹੀ ਮਿਲੇ, ਜੋ ਪਾਠ ਕਰੇ, ਆਪ ਜੀ ਅਰਥ ਕਰੋਂ, ਜਦੋਂ ਅਰਥ ਨ ਆਉਂਦੇ ਹੋਣ, ਦਾਸਨਦਾਸਾਂ ਨੇ ਜੋ ਸੁਖਮਨੀ ਸਾਹਿਬ ਜੀ ਦੇ ਅਰਥ ਲਿਖੇ ਹਨ, ਉਹ ਰਲ਼ ਕੇ ਅਰਥ ਵਿਚਾਰਨ, ਵਾਰੀ ੨ ਇੱਕ ਪਾਠ ਕਰੇ, ਦੂਜਾ ਅਰਥ ਬੋਲੇ, ਇੱਕ ੨ ਤੁਕ ਦੇ ਅਰਥ ਬਦਲ ੨ ਕੇ ਬੋਲੀ ਜਾਣ, ੨੪ ਘੰਟੇ ਵਰਜਿਸ਼ ਅਤੇ ਰਲ਼ ਕੇ ਅਰਥ ਵਿਚਾਰਨ ਦਾ ਅਭਿਆਸ ਕਰਨ,

ਗੁਰਬਾਣੀ ਅਰਥ ਪੂਰਨ ਕ੍ਰਿਪਾ ਅਭਿਆਸ ਨਾਲ ਆਉਂਦੇ ਹਨ। ਇਉਂ ਸਾਰੀ ਜ਼ਿੰਦਗੀ ਅਰਥਾਂ ਦਾ ਅਭਿਆਸ ਕਰਕੇ ਅਮੋਲਕ ਬਣੇ। ਸਬੰਧੀ ਸੰਤ ਪਤੀ ਸਤੀ ਮਿੱਤ੍ਰ, ਮਿਲ ਕੇ ਅਰਥ ਵਿਚਾਰਨ, ਸੰਥਾ ਅਰਥਾਂ ਸਹਿਤ ਕਰਾਈ ਜਾਵੇ, ਅਰਥਾਂ ਬਿਨਾ, ਸੰਥਾ ਅਧੂਰੀ ਹੈ। ਅੱਠਾਂ ਪਹਿਰਾਂ ਚ ਜਦੋਂ ਮਨ ਟਿਕਾਉਣਾ ਹੋਵੇ, ਅਰਥ ਵਿਚਾਰੇ ਜਾਣ, ਜ਼ਿੰਦਗੀ ਸਫ਼ਲ ਬਣਾਉਣ ਦਾ ਬਹੁਤ ਅਮੋਲਕ ਸੁਖੱਲਾ ਢੰਗ ਹੈ, ਇਹ ਸ਼ੁੱਭ ਇਛਾ ਹੋਵੇ, ਦਾਸਨਦਾਸੀ ਨੇ ਵੱਧ ਤੋਂ ਵੱਧ ਗੁਰ ਸ਼ਬਦ ਪ੍ਰਾਪਤ ਕਰਕੇ ਅੱਗੇ ਕਰਾਉਣੇ ਹਨ, ਇਹ ਗੁਰਸ਼ਬਦ ਸਤਿਗੁਰਾਂ ਪਾਸ ਲਿਜਾਣੇ ਸੁਨਾਉਣੇ ਹਨ।੧. ਤੁਕ ਸੰਪੂਰਨਤਾ ’ਤੇ, ਲੋੜ ਅਨੁਸਾਰ ਹੇਕ ਲਾਉਣ ਸਮੇਂ, ਆਖਰੀ ਲਗ ਜ਼ਿਆਦਾ ਲੱਗਦੀ ਹੈ।ਪ੍ਰੀਖਿਆ ਲੈਣ ਨਾਲ ਸ਼ਿਸ਼ ਸਾਵਧਾਨ ਰਹੇਗਾ ਜੀ।. ਹੁਸ਼ਿਆਰ ਸ਼ਿਸ਼ਾਂ ਨੂੰ ਸਨਿਮਰ ਪ੍ਰੇਮ ਬੇਨਤੀ ਹੈ, ਜਿਹੜੇ ਸ਼ਿਸ਼ਾਂ ਦੇ ਅੱਖਰ ਕਮਜ਼ੋਰ ਹੋਣ,ਉਨ੍ਹਾਂ ਨੂੰ ਅੱਖਰ ਦੱਸ ਕੇ ਹੌਂਸਲਾ ਦੇ ਕੇ ਅਪਣੇ ਨਾਲ ਰਲ਼ਾ ਲੈਣ।,ਸ਼ਿਸ਼ ਜ਼ਬਾਨੀ ਮੂਲ ਦੀ ਤੁਕ ਪੜ੍ਹੇ,ਉਸਤਾਦ ਅਰਥ ਕਰੇ,ਇਉਂ ਦੋ ਤੁਕਾਂ ਦੇ ਅਰਥ ਬਾਰ ਬਾਰ ਕਰਨੇ।ਫੇਰ ਹੋਰ ਦੋ ਤੁਕਾਂ ਜਾਂ ਗੁਰਸਬਦਾਂ ਦੇ ਅਰਥ ਵੀਚਾਰਨੇ,ਇਉਂ ਅਰਥਾਂ ਦਾ ਅਭਿਆਸ ਕਰਨ ਕਰਾਉਣ ਨਾਲ ਸ਼ਿਸ਼ ਦੇ ਵਿਸ਼ੇਸ਼ ਅਰਥ ਚੇਤੇ ਹੋ ਜਾਣਗੇ,ਨਾਲੇ ਪ੍ਰੇਮ ਪ੍ਰਚਾਵਾ ਵਧੇਗਾ।ਸ਼ਿਸ਼ ਬਲੈਕ ਬੋਰਡ’ਤੇ ਅਰਥਾਂ ਸਹਿਤ ਸ਼ਬਦ ਲਿਖਣ, ਸਾਹਮਣੇ ਇਕੱਠੇ ਹੋ ਕੇ,ਗਾ ੨ ਕੇ ਜ਼ਬਾਨੀ ਕੰਠ ਕਰਨ।ਅਪਣੀ ੨ ਕਾਪੀ’ਤੇ ਲਿਖੇ ਸ਼ਬਦ ਪ੍ਰੇਮੀ ਜਨ,ਸਤਿਗੁਰੂ ਗ੍ਰੰਥ ਸਾਹਿਬਜੀ ਦੇ ਸਾਹਮਣੇ ਖੜ੍ਹ ਕੇ ਜਾਂ ਬੈਠ ਕੇ ਗਾਉਣ ਤਾਂ ਬਹੁਤ ੨ ਲਾਭ ਹੋਵੇ।ਸ਼ਿਸ਼, ਗੁਰਸ਼ਬਦਾਂ ਨੂੰ ਸਤਿਗੁਰੂ ਸਾਹਿਬਜੀ ਦੇ ਸਾਹਮਣੇ ਖੜ੍ਹ ਕੇ,ਸਤਿਗੁਰੂ ਸਾਹਿਬਜੀ ਨੂੰ ਸੁਣਾਉਂਦੇ ਰਹਿਣ।

ਪਰਮਪੂਜਨੀਕ ਪਰਮ ਸਤਿਕਾਰਯੋਗ ਗੁਰਮੁਖਿ ਸੂਰਬੀਰ ਬਹਾਦਰ ਅਧਿਆਪਕ ਜੀ, ਪੂਰਨ ਗੁਰੂ ਜੀ ਦੇ ਸ੍ਰਬੱਤ ਦੇ ਭਲੇ ਦੇ ਮਿਸ਼ਨ ਨੂੰ ਬ੍ਰਹਮੰਡਾਂ ਅੰਦਰ ਫ਼ੈਲਾਉਣ ਲਈ, ਬਹੁਤੇ ਬਲ ਸਹਿਤ ਤਕੜੇ ਹੋ ਕੇ, ਅਪਣੇ ਮਗਰ ਸ਼ੁੱਧ ਕਹਾ ੨ ਕੇ ਬੱਚੇ ਨੂੰ ਮਿੱਠਾ ਤੋਤਾ ਬਨਾਉਣ, ਚਾਅ ਕਰਨ ਬਈ ਇਸ ਨੇ ਗੁਰਸਿੱਖੀ ਦਾ ਪ੍ਰਚਾਰ ਕਰਨਾ ਹੈ।ਚਾਅ ਨਾਲ ਫ਼ੁੱਲ ਵਾਂਗ ਖਿੜ ਕੇ ਪੜ੍ਹਾਉਣ, ਟੀਚਰ ਦਾ ਪਿਆਰ ਬੱਚੇ ਨੂੰ ਸੁਗੰਧਤ ਕਰ ਦੇਵੇ। ਗੁਰੂ ਘਰਾਂ ਚ, ਸਿੰਘ ਅੱਡ, ਬੀਬੀਆਂ ਅੱਡ ਰਲ਼ ਕੇ, ਅਰਥਾਂ ਸਹਿਤ ਗੁਰਬਾਣੀ ਗਾਉਣ, ਅੱਧੇ ਕਸਰਤ ਕਰਨ, ਅੱਧੇ ਗੁਰਬਾਣੀ ਗਾਉਣ, ਅੱਧੇ ਘੰਟੇ ਬਾਦ ਬਦਲਦੇ ਰਹਿਣ, ਕਲੱਬਾਂ ਚ ਜਾਣ ਦੀ ਲੋੜ ਨ ਰਹੇ। ਨਿੱਕੀ ਉਮਰ ਤੋਂ ਬੱਚਿਆਂ ਦੀ ਸਿਹਤ ਨਰੋਈ, ਉੱਚਾ ਆਚਰਣ ਬਣੇ। ਸਾਰੀ ਦੁਨੀਆ ’ਤੇ ਗੁਰਸਿੱਖੀ ਗੁਰੂ ਪ੍ਰਤਾਪ

ਪ੍ਰਫੁਲਤ ਹੋਵੇ, ਸਾਰੇ ਹੀ ਕਹਿਣ ਸਿੱਖੀ ਧਰਮ ਸ੍ਰਬ ਸ਼੍ਰੋਮਣੀ ਸ੍ਰਬੱਤ ਦੇ ਭਲੇ ਦਾ ਸਾਂਝਾ ਧਰਮ ਹੈ।

ਔਂਕੜ ਸਿਹਾਰੀ ਬੋਲਣ ਦੀ ਲੋੜ ਨ ਹੁੰਦੀ, ਤਾਂ ਫਿਰ ਗੁਰੂ ਸਾਹਿਬ ਜੀ ਸਿੱਧਾ ਹੀ ਲਿਖ ਦਿੰਦੇ। ਗੁਰਬਾਣੀ ਜੀ ਦੀ ਵਿਸ਼ੇਸ਼ਤਾਈ ਕੀ ਹੋਈ?

ਜਦੋਂ ਆਪ ਜੀ, ਸਿਹਾਰੀ ਲਘੂ ਲਾ ਕੇ ਹਰਿ ਬੋਲੋਂਗੇ, ਭਾਵ ਹਰ ਥਾਂ ਸਿਹਾਰੀ ਲਾਵੋਂਗੇ, ਜਿਹੜਾ ਸਿਹਾਰੀ ਨਹੀਂ ਲਾਉਂਦਾ, ਉਹ ਕਹੇਗਾ, ਤੁਸੀਂ ਲਾਂ ਲਾਉਂਦੇ ਹੋਂ, ਉਸ ਨੂੰ ਪੂਰਨ ਗ੍ਰੀਬੀ ਸਹਿਤ, ਹਰੇ ਲਾਂ ਦੀਰਘ ਲੰਬੀ ਬੋਲ ਕੇ, ਸਿਹਾਰੀ ਲਘੂ ਛੋਟੀ ਬੋਲ ਕੇ, ਦੋਹਾਂ ਦਾ ਫ਼ਰਕ ਸੁਣਾਉ, ਲਘੂ ਦੀਰਘ ਦਾ ਬਹੁਤ ਫ਼ਰਕ ਹੈ। ਜਦੋਂ ਆਪ ਜੀ, ਔਂਕੜ ਲਘੂ ਲਾ ਕੇ, ਸਲੋਕੁ ਦੇ ਕੱਕੇ ਨੂੰ ਔਂਕੜ ਬੋਲੋਂਗੇ, ਭਾਵ ਹਰ ਥਾਂ ਔਂਕੜ ਲਾਵੋਂਗੇ, ਜਿਹੜਾ ਔਂਕੜ ਨਹੀਂ ਲਾਉਂਦਾ, ਉਹ ਕਹੇਗਾ, ਤੁਸੀਂ ਹੋੜਾ ਲਾਉਂਦੇ ਹੋਂ, ਉਸ ਨੂੰ ਪੂਰਨ ਗ੍ਰੀਬੀ ਸਹਿਤ, ਹੋੜਾ ਦੀਰਘ ਲੰਬਾ ਬੋਲ ਕੇ, ਔਂਕੜ ਲਘੂ ਛੋਟਾ ਬੋਲ ਕੇ, ਦੋਹਾਂ ਦਾ ਫ਼ਰਕ ਸੁਣਾਉ, ਲਘੂ ਦੀਰਘ ਦਾ ਬਹੁਤ ਫ਼ਰਕ ਹੈ। ਜਿਹੜਾ ਪ੍ਰੇਮੀ ਪੂਰੀਆਂ ਲਗਾਂ ਨਹੀਂ ਲਾਉਂਦਾ, ਉਸ ਦੀਆਂ ਢੇਰ ਗ਼ਲਤੀਆਂ ਹੁੰਦੀਆਂ ਹਨ, ਉਸ ਦੀ ਮੁਹਾਰਨੀ ਕੱਚੀ ਹੈ, ਸੰਥਾ ਮੇਹਨਤ ਨਹੀਂ ਕੀਤੀ। ਆਪ ਜੀ ਦੇ ਕੀਤੇ ਸ਼ੁੱਧ ਉਚਾਰਨ ਨੂੰ ਟੋਕ ਖਿਝ ਰਿਹਾ ਹੈ, ਘਬਰਾਉਣਾ ਲੜਨਾ ਨਹੀਂ, ਸ਼ੁੱਧ ਉਚਾਰਣ ਤੋਂ ਡੋਲਣਾ ਨਹੀਂ। ਗਲ਼ ’ਚ ਪੱਲਾ ਪਾ ਕੇ, ਦੋਵੇਂ ਹੱਥ ਜੋੜ ਕੇ, ਸਿਰ ਝੁਕਾ ਕੇ, ਗ਼ਲਤ ਉਚਾਰਣ ਵਾਲੇ ਸਾਜਨ ਮੀਤ ਪਿਆਰੇ ਜੀ ਨੂੰ, ਸ਼ੁੱਧ ਉਚਾਰਣ ਦੇ ਲਾਹੇ ਪੁੱਛੋ, ਤਾਂ ਦੱਸ ਨਹੀਂ ਸਕੇਗਾ, ਕਿਉਂਕਿ ਉਸ ਨੇ ਸ਼ੁੱਧ ਉਚਾਰਣ ਦਾ ਪਰਮ-ਅਨੰਦ ਲਾਹਾ ਨਹੀਂ ਲਿਆ, ਸ਼ੁੱਧ ਉਚਾਰਣ ਦੇ ਲਾਹੇ ਰਸ ਅੰਮ੍ਰਿਤ ਬ੍ਰਹਮਾਨੰਦ ਨੂੰ ਓਹ ਪ੍ਰੇਮੀ ਗੁਰਸੇਵਕ ਜੀ ਹੀ ਲੈ ਸਕਦੇ ਹਨ, ਜਿਸ ਨੂੰ ਪੂਰਨ ਗੁਰੂ ਜੀ ਪੂਰਨ ਕ੍ਰਿਪਾ ਕਰਕੇ, ਸ਼ੁੱਧ ਉਚਾਰਣ ਆਪ ਬਖ਼ਸ਼ਦੇ ਹਨ। ਯਥਾ:- ਦਾਤੈ. ਦਾਤਿ ਰਖੀ ਹਥਿ ਅਪਣੇ; ਜਿਸੁ ਭਾਵੈ ਤਿਸੁ ਦੇਈ॥ ਨਾਨਕ. ਨਾਮਿ ਰਤੇ ਸੁਖੁ ਪਾਇਆ; ਦਰਗਹ ਜਾਪਹਿ ਸੇਈ॥ ਪੰਜਾਬੀ ਪੜ੍ਹਨ ਅਤੇ ਗੁਰਬਾਣੀ ਸ਼ੁੱਧ ਉਚਾਰਨ ਦਾ ਬਹੁਤ ਹੀ ਫਰਕ ਹੈ, ਪੂਰਨ ਗੁਰੂ ਜੀ ਦੇ ਧਰਮ ਚ ਸ਼ੁੱਧ ਉਚਾਰਨ ਦਾ ਵਿਸ਼ੇਸ਼ ਵਾਧਾ ਹੈ, ਆਪਣੇ ਅੰਦਰ ਗੁਰਸ਼ਬਦ ਅਰਥ ਤੱਕਣ ਲਈ ਦਿਲ ਦਿਮਾਗ ਚ ਗੁਰਸ਼ਬਦ ਅਰਥ ਗੁਰਸ਼ਬਦ ਜਮ੍ਹਾਂ ਕਰਨ ਲਈ ਸ਼ੁੱਧ ਉਚਾਰਨ ਬਹੁਤ ਹੀ ਜ਼ਰੂਰੀ ਹੈ। ਸ਼ੁੱਧ ਉਚਾਰਨ ਕਰਨ ਵੇਲੇ ਹੀ

ਕੋਟਾਨ ਕੋਟ ਅਨੰਦ ਪ੍ਰਾਪਤ ਹੁੰਦੇ ਹਨ। ਗੁਰਬਾਣੀ ਜੀ ਚ ਲੀਨਤਾ, ਵਾਹਿਗੁਰੂ ਜੀ ਚ ਲੀਨਤਾ ਹੈ। ਗੁਰਬਾਣੀ ਜੀ ਦੀ ਧੁਨਿ ਹਰ ਵੇਲੇ ਸੁਨਣ ਨਾਲ ਵਾਹਿਗੁਰੂ ਜੀ ਦੇ ਸੁੰਦਰ ਦਰਸ਼ਨ ਪ੍ਰਾਪਤ ਹੁੰਦੇ ਹਨ।

੧੨. ਮੂਰਤਿ ਪੰਚ ਪ੍ਰਮਾਣ ਪੁਰਖੁ; ਗੁਰੁ ਅਰਜੁਨੁ.ਪਿਖਹੁ ਨਯਣ॥੧॥) ਪਾਰਬ੍ਰਹਮ ਪੂਰਨ ਗੁਰਦੇਵ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਦੀ ਪਰਮ ਵੈਰਾਗਮਈ ਸ਼ਹੀਦੀ ਦਾ,ਪੂਰਨ ਅਗਮ ਅਗਾਧ ਵੈਰਾਗਮਈ ਜਸ ਜਾਪ ਅਸਤੋਤ੍ਰ:- ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ! ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ, ਹੁਣ ਮੱਚਦੇ ੨ ਰੇਤੇ'ਤੇ ਬੈਠ ਕੇ, ਮੱਚਦਾ ੨ ਰੇਤਾ ਅਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੀਸ'ਤੇ ਪੁਆ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ਹ ਕੇ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਅੱਖਰ ੨ ਨੂੰ ਵਾਹਿਗੁਰੂ ਗੁਰੂ ਮੰਨ ਕੇ, ਅੱਖਰ ੨ ਦਾ ਪੂਰਨ ਪਿਆਰਾ ਸਚਿਆਰਾ ਨਿਰਮਲ ਅਪਾਰਾ ਨਿਰਾਰਾ ਨਿਰੰਕਾਰਾ ਧਿਆਨ ਧਾਰ ਕੇ, ਸਰਬੱਤ ਦੇ ਭਲੇ ਹਿਤ, ਸਾਵਧਾਨ ਏਕਾਗਰ ਚੀਤ॥ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪ ਰਹੇ ਹਨ। ਯਥਾ:- ਤਤੁ ਬਿਚਾਰੁ ਯਹੈ ਮਥੁਰਾ; ਜਗ ਤਾਰਨ ਕਉ. ਅਵਤਾਰੁ ਬਨਾਯਉ॥ ਜਪ੍ਯਉ ਜਿਨ੍ਹ ਅਰਜੁਨ ਦੇਵ ਗੁਰੂ; ਫਿਰਿ ਸੰਕਟ ਜੋਨਿ ਗਰਭ ਨ ਆਯਉ॥) ਗੁਰ ਗੋਵਿੰਦੁ. ਗੋੁਵਿੰਦੁ ਗੁਰੂ ਹੈ; ਨਾਨਕ. ਭੇਦੁ ਨ ਭਾਈ॥

ਤੁਮ ਗੰਭੀਰ ਧੀਰ ਉਪਕਾਰੀ; ਪਰਮਪੂਜਨੀਕ ਵਾਹਿਗੁਰੂ ਬ੍ਰਹਮ ਪ੍ਰਭ ਸਮ੍ਰੱਥ ਸੱਚੇ ਸਤਿਗੁਰੂ ਸਾਹਿਬਜੀ ਨੇ ਤੱਤੀ ਤਵੀ 'ਤੇ ਖੜ੍ਹ ਕੇ ਭੀ,ਮਹਾਨ ਧੀਰਜ ਧਰਿਆ ਅਜਰ ਜਰਿਆ,ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਅਨੁਸਾਰ ਸੱਚੇ ਕਰਤਾਰ ਵਾਹਿਗੁਰੂਜੀ ਦੇ ਭਾਣੇ ਨੂੰ ਖਿੜੇ ਮੱਥੇ ਮੰਨਦਿਆਂ ਕਮਾਉਂਦਿਆਂ ਲਿਵ'ਚ ਅਚੱਲ ਅਡੋਲ ਨਿਰਭਉ ਰਹੇ।ਨਿਰਭਉ ਹੋਇ ਰਹੇ ਲਿਵ ਏਕੈ;ਨਾਨਕ.ਹਰਿ ਮਨੁ ਮਾਨੀ॥ ਸੀ ਨਹੀਂ ਉਚਾਰੀ। ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ. ਅਰਜੁਨੁ ਹਰਿ ਭਗਤਾ॥ਜੀ ਨੇ ਧਰਮ ਹਿਤ ਆਪਣਾ ਪਰਮਪਵਿੱਤ੍ਰ ਸੀਸ ਦਿੱਤਾ,ਪਰ ਧਰਮ ਦਾ(ਸਿਰਰੁ)ਸਿਰੜ,ਹਠ ਨਹੀਂ ਤਿਆਗਿਆ ਭਾਵ ਧਰਮ'ਚ ਪੂਰਨ ਦ੍ਰਿੜ ਪ੍ਰਪੱਕ ਰਹੇ। ਧਰਮ ਹੇਤ,ਸਾਕਾ ਜਿਨਿ ਕੀਆ॥ਸੀਸੁ ਦੀਆ, ਪਰੁ.ਸਿਰਰੁ ਨ ਦੀਆ॥ ਪਰਮਪਵਿੱਤ੍ਰ ਪਰਮਪੂਜਨੀਕ ਵਾਹਿਗੁਰੂ ਸਰੂਪ ਅੰਮ੍ਰਿਤ ਭਿੰਨੀ ਵਿਸਮਾਦ ਵਿਆਪਕ

ਬ੍ਰਹਮਜੀ'ਚ ਲੀਣ,ਆਪਣੀ ਦੇਹ ਤੇ,ਇਤਨੇ ਭਾਰੀ ਕਸ਼ਟ ਸਹਾਰੇ,ਜਿਨ੍ਹਾਂ ਨੂੰ ਕਲਮ ਲਿਖ ਕੇ ਜ਼ਬਾਨ ਬੋਲ ਕੇ ਦੱਸ ਹੀ ਨਹੀਂ ਸਕਦੀ ਜੀ। ਵਾਹਿਗੁਰੂ॥ਅਨੰਤ ਬ੍ਰਹਮੰਡਾਂ'ਚ ਕੋਟਾਨ ਕੋਟਿ ਪਾਪੀ ਅਕ੍ਰਿਤਘਣ ਜੀਆਂ ਨੂੰ, ਸਤਿਗੁਰੁ ਦਾਤਾ ਨਾਮ ਕਾ; ਪੂਰਾ ਜਿਸੁ ਭੰਡਾਰੁ॥ਅਨੁਸਾਰ ਵਾਹਿਗੁਰੂ ਨਾਮੁ ਦੇ ਦਾਤੇ,ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨਦੇਵ ਸਾਹਿਬਜੀ ਧੰਨ ਹਨ। ਪਰਮਪੂਜਨੀਕ ਖਰੇ ਸਚਿਆਰੇ ਧਰਮੀ ਸੰਤਾਂ ਭਗਤਾਂ,ਸਤਸੰਗਤਾਂ ਜੀਵਾਂ ਜੰਤਾਂ ਤੇ ਇਨ੍ਹਾਂ ਦੇ ਕਿਣਕੇ ੨ ਸਮੇਤ,ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਅਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਅਪਣੇ ਆਸਰੇ ਟਿਕਾਅ ਕੇ,ਇਸ ਸਰਗੁਨ ਸਰੂਪ ਜੀ ਸਮੇਤ,ਸਦਾ ਸਦਾ ਸਦਾ ਦਇਆਲ॥ਨਿਰਗੁਨ ਬ੍ਰਹਮਜੀ,ਧਰਤਿ ਪਾਤਾਲੁ ਆਕਾਸੁ ਹੈ.ਮੇਰੀ ਜਿੰਦੁੜੀਏ; ਸਭ ਹਰਿ ਹਰਿ ਨਾਮੁ ਧਿਆਵੈ ਰਾਮ॥ ਅਨੁਸਾਰ ਹਰ ਸਮੇਂ ਜਪਦੇ ਹਨ,ਵਡੇ ਮੇਰੇ ਸਾਹਿਬਾ;ਗਹਿਰ ਗੰਭੀਰਾ ਗੁਣੀ ਗਹੀਰਾ॥ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨਦੇਵ ਸਾਹਿਬ ਜੀ ਧੰਨ ਹਨ। ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ। ਚੋਂ ਅੰਗ **64** ਤੋਂ **78** ਤੱਕ ਇਹ ਗੁਰੂ ਜਸ ਪੜ੍ਹ ਕੇ ਨਿਹਾਲ ਹੋਵੋ ਜੀ।

੧੩. ਪਿਆਰੇ ਬੱਚਿਆਂ ਲਈ ਸ਼ੁੱਭ ਸਿੱਖਿਆ:- ਅੱਖਾਂ ਨਾਲ ਪਰਾਇਆ ਰੂਪ ਦੇਖਣਾ, ਪੂਰਨ ਗੁਰੂ ਜੀ ਨੇ ਵੱਡਾ ਪਾਪ ਦੋਸ਼ ਅਨੇਕ ਏਡਜ਼ ਕੈਂਸਰ ਆਦਿ ਭੈੜੇ ਰੋਗਾਂ ਦਾ ਕਾਰਨ ਕਿਹਾ ਹੈ। ਨਿੱਤ ਢਾਈ ਘੰਟੇ ਸਿਮਰਨ ਕਰਕੇ, ਗੁਰੂ ਨਾਨਕ ਸਾਹਿਬ ਜੀ ਨੂੰ ਅਰਪੋ ਜੀ। ਪਰਮਪੂਜਨੀਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਰੋਜ਼ ਅੰਮ੍ਰਿਤ ਵੇਲੇ ਮੱਥਾ ਟੇਕੋ। ਸੱਚੇ ਸਤਿਗੁਰਾਂ ਦਸਾਂ ਪਾਤਿਸਾਹਾਂ ਦੇ ਨਾਮ ਲੈ ਕੇ, ਪਦਾਰਥ ਮੁਖ 'ਚ ਪਾਉ। ਗੁਰਬਾਣੀ ਪੋਥੀਆਂ ਦਾ ਵੱਧ ਤੋਂ ਵੱਧ ਸਤਿਕਾਰ ਕਰੋ ਕਰਾਉ, ਜੂਠੇ ਹੱਥ ਨ ਲਾਓ, ਨੀਵੇਂ ਥਾਂ ਜਾਂ ਮੰਜੇ ਦੀ ਪੈਂਦ ਵੱਲ ਨ ਰੱਖੋ। ਰੁਮਾਲੇ 'ਤੇ ਸਜਾ ਕੇ ਉੱਪਰ ਰੁਮਾਲਾ ਦੇਵੋ, ਬਾਰ ੨ ਪ੍ਰਕਰਮਾਂ ਡੰਡਉਤ ਚੌਰ ਕਰੋ ਜੀ, ਛੋਟੇ ਬੱਚੇ ਨੂੰ ਚੁੱਕ ਕੇ ਵਾਹਿਗੁਰੂ ੨ ਕਹੀ ਜਾਉ, ਬਹੁਤ ਟਿਕਾਅ ਸ਼ਾਂਤੀ ਫ਼ਲ ਮਿਲੇਗਾ। ਬੱਚੇ ਨੂੰ ਸੁਆਉਣ ਉਠਾਉਣ ਸਮੇਂ ਵਾਹਿਗੁਰੂ ੨ ਬੋਲੋ ਬੁਲਾਉ ਹੱਸੋ ਹੱਸਾਉ ਜੀ। ਪਿਆਰੇ ਬੱਚਿਆਂ ਨੂੰ ਘਰ ਦੀ ਸਫ਼ਾਈ, ਲੰਗਰ ਤਿਆਰ ਕਰਨਾ ਸਿਖਾਉ, ਆਪ ਬਣਾ ਕੇ ਸੱਜਰਾ ਪਦਾਰਥ ਛਕਣ।

ਸਵੇਰੇ ਬੁਰਸ਼ ਕਰਕੇ, ਪਾਣੀ ਜ਼ਰੂਰ ਪੀਉ, ਨ ਪੀਣੇ ਕਰਕੇ ਪ੍ਰੋਸਟੇਟ ਖ਼ਰਾਬ ਹੋ ਜਾਂਦੇ ਹਨ। ਸੌਣ ਤੋਂ ਪਹਿਲਾਂ ਬੁਰਸ਼ ਕਰੋ, ਚੀਤਾ ਭਜਾਉ, ਬੱਚੇ ਨੂੰ ਆਦਤ ਪਾਉ। ਨਿੱਤ ਨੁਹਾ ਕੇ ਸਕੂਲ ਜਾਉ। ਕੁਰਲੀ, ਪ੍ਰਛਾਦਾ ਖ਼ੂਬ ਚਿੱਥ ਕੇ ਛਕਣ ਦੀ ਆਦਤ

ਪਾਉ। ਬੁਰਸ਼ ਨਾਲ ਟੁੱਥਪੇਸਟ ਘੱਟ ਤੋਂ ਘੱਟ ਲਾਉ, ਜ਼ਿਆਦਾ ਲੌਣ ਨਾਲ, ਜ਼ਿਆਦਾ ਟਾਈਮ ਬੁਰਸ਼ ਕਰਨ ਨਾਲ, ਕੀਮਤੀ ਥੁੱਕ ਬਿਅਰਥ ਜਾਂਦਾ ਹੈ। ਨਿੱਕੀ ਉਮਰ ਚ ਬੱਚੇ ਨੂੰ ਸ਼ੁੱਧ ਪਵਿੱਤ੍ਰ ਭੋਜਨ ਦਿਤਾ ਜਾਵੇ, ਹੱਥਚੱਕੀ ਦੇ ਤਾਜ਼ੇ ਆਟੇ ਨਾਲ ਪਾਲਿਆ ਜਾਵੇ, ਸਿਗ੍ਰਟ ਬੀੜੀ ਵਾਲੇ  ਹੱਥਾਂ ਦੇ ਬਣੇ ਪਦਾਰਥ ਤੋਂ ਨਫ਼ਰਤ ਪਾਈ ਜਾਵੇ, ਗੰਦੇ ਪਦਾਰਥ ਬੱਚੇ ਦੀ ਸਿਹਤ, ਇਖ਼ਲਾਕ ਖ਼ਰਾਬ ਕਰਦੇ ਹਨ। ਮਿੱਠੀ ਜ਼ਹਿਰ ਖੰਡ ਨਾਲ ਬੱਚਿਆਂ ਨੂੰ ਸ਼ੂਗਰ ਲੱਗ ਰਹੀ ਹੈ।

ਤੇਜ਼ ਬਲਵਾਂ ਦੀ ਲਾਈਟ ਨਿਗ੍ਹਾ ਘਟਾਉਂਦੀ ਹੈ, ਘਰ ’ਚ ਜ਼ੀਰੋ ਦੇ ਬਲਵ ਜਗ੍ਹਾਉ, ਬਿੱਲ ਘਟੇਗਾ। ਸੁੱਤੇ ਉਠਦਿਆਂ ਵਲਵ ਵੱਲ ਉੱਕਾ ਹੀ ਨਹੀਂ ਤੱਕਣਾ। ਅੱਠ ੨ ਬਲਵ ਜਗਾ, ਪੈਸੇ ਨਿਗਾ ਗੁਆ, ਧਰਮਰਾਜੇ ਦੇ ਡੰਡੇ ਨ ਖਾ। ਪਾਣੀ ਜ਼ਿਆਦਾ ਡੋਲ ਕੇ ਧਨ ਨ ਗੁਆ। ਚਾਲ ਚਲਣ ਭੈੜਾ ਹੋਣ ਤੋਂ ਏਡਜ਼ ਲੱਗਦੀ ਹੈ।ਘਰ ਚ ਤੇਜ਼ ਹੀਟ ਵਰਤਣ ਨਾਲ ਚਮੜੀ ਦੇ ਰੋਗ, ਅੱਖਾਂ ਲਾਲ, ਬਲੱਡ ਅੱਪ, ਮੇਹਦੇ ਚ ਗਰਮੀ ਪੈਦਾ ਹੋ ਜਾਂਦੀ ਹੈ। ਏਅਰਕੰਡੀਸ਼ਨ ਚ ਰਹਿਣ ਵਾਲੇ ਦੀ ਸਿਹਤ ਕਮਜ਼ੋਰ ਹੋ ਜਾਂਦੀ ਹੈ। ਬੱਚਿਆਂ ਨੂੰ ਭੈੜੇ ਨਸ਼ਿਆਂ ਤੋਂ ਨਫ਼ਰਤ ਪਾਉ।  ਅਪਣੇ ਆਪ ਨੂੰ ਇੱਕ ਵਚਨ, ਦੂਜਿਆਂ ਨੂੰ ਬਹੁ-ਵਚਨ ਬੋਲਣਾ, ਵੱਡਿਆਂ ਦਾ ਸਤਿਕਾਰ ਸੇਵਾ ਤਾ ਕਰਨੀ ਹੀ ਹੈ, ਛੋਟੇ ਤੋਂ ਛੋਟੇ ਬੱਚੇ ਦਾ ਭੀ ਪੂਰਨ ਸਤਿਕਾਰ ਕਰੋ, ਚਰਨੀ ਹੱਥ ਲਾਉ, ਤਾਂ ਹੀ ਉਸ ਨੂੰ ਸਤਿਕਾਰ ਦੀ ਸਿੱਖਿਆ ਮਿਲੇਗੀ। ਬੱਚਿਆਂ ਨੂੰ ਛੋਟੇ ਸਮਝ ਕੇ, ਗਾਲ਼ਾਂ ਕੱਢਣੀਆਂ ਮਹਾਂ ਪਾਪ ਹੈ। ਬਲੈਕ ਬੋਰਡ ’ਤੇ ਲਿਖੇ ਸਬਦ ਰਾਤ ਨੂੰ ਪੜ੍ਹਕੇ ਪੈਣਾ, ਸਵੇਰੇ ਉੱਠ ਕੇ ਫੇਰ ਪੜ੍ਹਨਾ। ਗੱਦੇ ’ਤੇ ਪੈਣਾ ਤਿਆਗੋ, ਸਖ਼ਤ ਫੱਟੇ ’ਤੇ ਪਵੋ, ਢੂਹੀ ਟੁੱਟਣ ਤੋਂ ਬਚੇ। ਸੈਰ ਨਾਲ ਹਾਰਟ ਅਟੈਕ ਤੋਂ ਬਚਾਅ, ਤੰਦਰੁਸਤੀ ਦੀ ਪ੍ਰਾਪਤੀ ਹੈ। ਅੰਮ੍ਰਿਤ ਵੇਲੇ ਨੰਗੇ ਪੈਰੀਂ ਤ੍ਰੇਲ਼ ਵਾਲੇ ਘਾਹ ’ਤੇ ਤੁਰਨ ਦੇ ਬਹੁਤ ਹੀ ਲਾਹੇ ਹਨ। ਪਰਮਪੂਜਨੀਕ ਮਹਾਂਪੁਰਖ ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਵਾਲੇ ਫੁਰਮਾਉਂਦੇ ਕਿ ਹਰੇਕ ਪ੍ਰਾਣੀ ਹਰ ਰੋਜ਼ ਅੱਠ ਮੀਲ ਤੁਰੇ। ਪੂਰਨ ਭਗਤਾਂ ਦੇ ਸ਼ੁਭ ਬਚਨ ਮੰਨ ਕੇ ਅਨੇਕਾਂ ਬਿਮਾਰੀਆਂ ਟਲਣਗੀਆਂ। ਕਸਰਤ ਨਾਲ ਖਾਣਾ ਹਜ਼ਮ, ਫ਼ੇਫ਼ੜਿਆਂ ਨੂੰ ਜ਼ਿਆਦਾ ਆਕਸੀਜ਼ਨ ਮਿਲਦੀ, ਸ਼ੂਗਰ ਬਲੱਡ ਕਬਜ਼ ਅਨੇਕ ਬਿਮਾਰੀਆਂ ਤੋਂ ਬਚਾਅ ਹੁੰਦਾ ਹੈ।ਭੈੜੀ ਬੇਹੀ ਡਬਲਰੋਟੀ ਨਾਲ ਡਘ੍ਹਾਰ ਖੱਟੇ ਆਉਂਦੇ ਹਨ, ਪੇਟ ਚ ਫੁੱਲ ਕੇ ਅੰਤੜੀਆਂ ਨਾਲ ਜੰਮ ਕੇ, ਪੇਟ ਗੈਸ ਕਬਜ਼, ਪੇਟ ਦਰਦ, ਪਿੱਤਾ ਪੱਥਰੀ ਦਿਲ ਦੇ ਰੋਗ, ਸ਼ੂਗਰ ਅਪੈਂਡਿਕਸ ਅੰਤੜੀਆਂ ਦਾ ਕੈਂਸਰ ਬਵਾਸੀਰ ਅਨੇਕ ਰੋਗ ਲਾਉਂਦੀ ਹੈ। ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਬਖ਼ਸ਼ਿਆ ਜਾਣ ਕੇ, ਵੱਡਭਾਗੇ ਗੁਰੂ ਪ੍ਰੇਮੀ ਸਰਬ

ਲੋਹ ਦੇ ਪਤੀਲੇ ਚ ਦਾਲ਼ ਸਬਜ਼ੀ ਬਨਾਉਣ, ਮੱਠੀ ੨ ਅੱਗ ’ਤੇ ਰਿੰਨ੍ਹਣ, ਅਤੀ ਸੁਆਦ ਬਣਦੀ ਹੈ। ਸਚਿਆਰੀ ਮਾਂ ਚਾਹ ਚ ਤੰਬਾਕੂ ਜਾਣ ਕੇ ਚਾਹ ਤਿਆਗੇ, ਤੰਬਾਕੂ ਰਹਿਤ ਦੁੱਧ ਅਪਣੇ ਬੱਚੇ ਨੂੰ ਚੁੰਘਾਵੇ। ਬੱਚੇ ਨੂੰ ਚਾਹ ਖੰਡ ਨ ਦੇਵੇ, ਬੱਚੇ ਨੂੰ ਰੋਣੋ ਹਟਾਉਣ ਲਈ, ਸ਼ਰਾਬ ਅਫ਼ੀਮ ਨਸ਼ਾ ਦੇਣਾ ਮਹਾਂ ਪਾਪ ਹੈ। ਮਲੱਠੀ ਪਾਣੀ ਚ ਉਬਾਲ਼ੋ, ਪੁਣੋ, ਥੋੜੀ ਖੰਡ ਪਾ ਕੇ ਸ਼ਰਬਤ ਬਣਾ ਕੇ ਰੱਖੋ, ਚਮਚਾ ੨ ਬੱਚੇ ਨੂੰ ਦੇਣ ਨਾਲ ਖੰਘ ਹਟ ਜਾਂਦੀ ਹੈ।ਜਦੋਂ ਲਾਈਟ ਦੀ ਲੋੜ ਨਹੀਂ, ਬੰਦ ਕਰੋ, ਬੱਚਿਆਂ ਨੂੰ ਇਹ ਚੰਗੀ ਆਦਤ ਪਾਉ।ਰਜ਼ਾਈ ਚ ਮੂੰਹ ਲੁਕਾ ਕੇ ਪੈਣ ਨਾਲ, ਕਾਰਬਨ ਡਾਈਅਕਸਾਈਡ ਗੰਦੀ ਗੈਸ ਫ਼ੇਫੜਿਆਂ ਨੂੰ ਖ਼ਰਾਬ ਕਰਦੀ ਹੈ। ਅਨਾੜੀ ਬੱਚੇ ਇਕੱਠੇ ਪੈਣ ਗ਼ਲਤ ਹੈ, ਟਕਸਾਲ ਚ ਸੰਤਾਂ ਦਾ ਹੁਕਮ ਸੀ, ਦੋ ਸ੍ਰੀਰ ਇਕੱਠੇ ਨਹੀਂ ਪੈ ਸਕਦੇ। ਵੱਡੇ ੨ ਚਾਕ ਬੋਰਡ ਘਰ ਹੋਣ, ਗੁਰਸ਼ਬਦ ਪਦ ਅਰਥ ਲਿਖ ਕੇ ਇਕੱਲੀ ੨ ਲਗ ਬੋਲ ਕੇ, ਮਗਰ ੨ ਕਹਾ ਕੇ ਸਿਖਾਉ, ਫੇਰ ਰਲ਼ ਕੇ ੨੧ ਵਾਰ ਅਰਥਾਂ ਸਹਿਤ ਗਾਉ,੧੦੧ ਵਾਰੀ ਕੇਵਲ ਗੁਰਬਾਣੀ ਗਾਉ।ਹਮੇਸ਼ਾ ਦਸਤਾਰ ਕੰਨ ਢਕ ਕੇ ਸਜਾਉ, ਸੌਣ ਸਮੇਂ ਕੰਨ ਢਕ ਲੈਣੇ, ਜਿਸ ਕਰਕੇ ਕੰਨਾ ਚ ਕੁੱਝ ਨ ਪਵੇ।ਭੈੜੇ ਗਾਣੇ ਸੁਨਣੇ ਗੌਣੇ, ਮੂਵੀਆਂ ਦੇਖਣੀਆਂ, ਕਲੱਬਾਂ ਚ ਨਾਚ ਕਰਨੇ, ਦੁਰਮੱਤਿ ਕਰਕੇ ਸ੍ਰੀਰ ਤਬਾਹ ਹੁੰਦਾ ਹੈ। ਜੂਠਾ ਖਾਣਾ ਖੁਆਉਣਾ ਕੋੜ੍ਹ ਰੋਗ ਹੈ, ਮਿੱਤ੍ਰ ਸਬੰਧੀ ਸੰਤ ਕਿਸੇ ਦਾ ਭੀ ਜੂਠਾ ਨਹੀਂ ਛਕਣਾ, ਨ ਅਪਣਾ ਜੂਠਾ ਦੇਣਾ, ਅਪਣੇ ਪਿਆਰੇ ਬੱਚਿਆਂ ਨੂੰ ਜੂਠਾ ਖੁਆ ਕੇ, ਤੜਕਾ ਖੁਆ ਕੇ ਰੋਗੀ ਨ ਕਰੋ, ਨ ਹੀ ਬੱਚਿਆਂ ਦਾ ਜੂਠਾ ਖਾਉ।ਅੰਮ੍ਰਿਤਧਾਰੀ ਭੀ ਇੱਕ ਦੂਜੇ ਦਾ ਜੂਠਾ ਨ ਛਕਣ। ਕੁਸੰਗਤ ਕਰਨ ਨਾਲ, ਕ੍ਰੈਕਟ੍ਰ ਡਿੱਗਣ ਨਾਲ,ਜਨਮ ਗਲ਼ ਸੜ ਜਾਂਦਾ ਹੈ। ਵੱਡੇ, ਅਪਣੇ ਬੱਚਿਆਂ ਨਾਲ ਸਿਨਮੇ ਭੈੜੀਆਂ ਫ਼ਿਲਮਾਂ ਦੇਖ ਕੇ ਤਬਾਹ ਹੁੰਦੇ ਹਨ। ਵੱਡੇ, ਬੱਚੇ ਤੋਂ ਹੁੱਕਾ ਗਰਮ,ਸ਼ਰਾਬ ਦੀ ਬੋਤਲ ਮੰਗਾਉਂਦੇ ਹਨ,ਨਾਲ਼ ਪੀਣ ਲਾ ਲੈਂਦੇ ਹਨ।ਮਾਈਕ੍ਰੋਵੇਵ ਦੀ ਵਰਤੋਂ ਕੈਂਸਰ ਲਾਉਂਦੀ ਹੈ। ਕੁਆਰੇ ਬੱਚਿਆਂ ਨੂੰ ਤੜਕੇ ਬਿਨਾ, ਸਾਦਾ ਤਾਜ਼ਾ ਭੋਜਨ ਦਿਉ।ਪੜ੍ਹਾਈ ਚ ਬ੍ਰਹਮਵਿੱਦਿਆ ਨ ਹੋਣੇ ਕਰਕੇ, ਸੰਸਾਰ ਦਾ ਬਹੁਤ ਹੀ ਬੁਰਾ ਹਾਲ ਹੈ। ਚੋਰੀ ਯਾਰੀ ਮੰਦ ਕਰਮ ਹੰਕਾਰ ਵਿਕਾਰ ਦੇ ਤਿਆਗ ਦਾ ਸ਼ੁਭ ਸੱਚਾ ਉਪਦੇਸ਼ ਨਹੀਂ ਮਿਲਦਾ, ਬੱਚੇ ਕ੍ਰੈਕਟਰ ਗੁਆ ਕੇ ਏਡਜ਼ ਆਦਿ ਰੋਗਾਂ ਦੇ ਅਧੀਨ ਹੋ ਰਹੇ ਹਨ, ਬੱਚੇ ਬਿਨਾ ਗੁਣਾਂ ਦੇ, ਰਾਜੇ ਰਾਣੀਆਂ ਬਣ ਕੇ, ਦੁੱਖ ਕਲੇਸ਼ ਰੋਗ ਭੋਗ ਰਹੇ ਹਨ।ਮਾਤਾ ਪਿਤਾ ਦੇ ਗੁਰਮਤਿ ਅਨੁਸਾਰ ਕਹੇ ਬਚਨ, ਪਿਆਰੇ ਬੱਚੇ, ਪੈਰੀਂ ਹੱਥ ਲਾ ਕੇ ਮੰਨਣ।

੧੪. ਨ ਖਾਣ ਯੋਗ ਭੈੜੀਆਂ ਚੀਜ਼ਾਂ:- ਜੀ ਪਿਆਰੇ ਜੀ, ਠੰਢਾ ਦੁੱਧ ਆਈਸਕ੍ਰੀਮ ਕਬਜ਼ ਐਲਰਜ਼ੀ ਕਰਦਾ ਹੈ, ਦੁੱਧ ਉਬਾਲ਼ ਕੇ ਹੀ ਪੀਵੋ। ਕੈਂਡੀਆਂ, ਪੀਜ਼ਾ, ਪਾਸਤਾ, ਡੱਬਿਆਂ(ਕੈਨ) ਚ ਖਾਣ ਵਾਲੀਆਂ ਚੀਜ਼ਾਂ, ਸੀਰੀਅਲ, ਕੇਕ, ਕੁੱਕੀਆਂ, ਗਮ, ਬ੍ਰੈਡ, ਫਰੋਜ਼ਨ ਫੂਡ, ਫਰਾਈਆਂ, ਚਿਪਸ, ਪਕੌੜੇ, ਜਲੇਬੀਆਂ, ਚੌਕਲੇਟ ਮਿਲਕ, ਚੌਕਲੇਟ, ਮਾਸ, ਕਬਾਬ, ਪੌਪ ਕੌਰਨ, ਕੋਕ, ਪੈਪਸੀ, ਚਾਹ, ਕੌਫ਼ੀ, ਸਿਗ੍ਰਟ, ਸੁੱਖਾ, ਡੋਡੇ ਭੁੱਕੀ, ਅਫੀਮ, ਜਰਦਾ, ਚਰਸ, ਨਸ਼ੇ।ਬੇਹੀਆਂ ਚੀਜ਼ਾਂ ਨਹੀਂ ਖਾਣੀਆਂ, ਸਟੋਰਾਂ ਰੈਸਟੌਰੈਂਟਾਂ ਚ ਨਹੀਂ ਖਾਣਾ, ਬਿਨਾ ਭੁੱਖ ਤੋਂ ਨਹੀਂ ਖਾਣਾ, ਅਤੇ ਜੋ ਚੀਜ਼ ਸ੍ਰੀਰ ਨੂੰ ਨੁਕਸਾਨ ਕਰਦੀ ਹੈ ਉਹ ਨਹੀਂ ਖਾਣੀ। ਜਿਹੜੀ ਚੀਜ਼ ਚੋਂ ਵਿਕਾਰ ਫੁਰਦਾ ਹੈ, ਆਲਸ ਆਉਂਦਾ ਹੈ, ਉਹ ਨਹੀਂ ਖਾਣੀ। ਸ੍ਰੀਰ ਤੰਦਰੁਸਤ ਰੱਖਣ ਲਈ ਖਾਣਾ ਹੈ, ਸੁਆਦ ਦੇ ਵੱਸ ਹੋ ਕੇ ਰੋਗੀ ਨ ਹੋਵੋ। ਗੁਪਤ ਅੰਗ ਕਾਮ ਕੁੰਡੇ ਨੂੰ ਹੱਥ ਨਾਲ ਹਿਲਾ ਕੇ ਅਪਣੀ ਸਿਹਤ ਬਰਬਾਦ ਨ ਕਰੋ,ਸਿਆਣੇ ਸ਼ੁੱਭ ਸਿੱਖਿਆ ਦੇਣ ਇਹ ਚੌਥੀ ਕੁਰਹਿਤ ਹੈ।ਧਾਰਮਿਕ ਮੂਵੀ ਬਿਨਾ, ਗੰਦੀ ਮੂਵੀ, ਟੀ.ਵੀ. ਸ਼ੋਅ ਅੱਗੇ ਕੀਮਤੀ ਸਮਾ ਬਰਬਾਦ ਨ ਕਰੋ, ਬਹੁਤ ਬੱਚੇ ਟੀ.ਵੀ ਕੰਪਿਊਟ੍ਰਾਂ ’ਤੇ ਗੇਮਾ ਖੇਡ ਕੇ ਨਿਗਾ ਗਵਾਈ ਬੈਠੇ ਹਨ।

ਸੌਂ ਕੇ ਉੱਠਦਿਆਂ ਮੂੰਹ ਬੇਸੁਆਦ, ਜ਼ਬਾਨ ’ਤੇ ਚਿਟਾ ੨ ਗੰਦ ਹਰ ਵੇਲੇ ਰਹਿਣਾ, ਇਹ ਗੰਦੀ ਫੂਡ ਦਾ ਅਸਰ ਹੈ।ਬੱਚਿਆਂ ਨਾਲ ਮਿਲ ਕੇ ਘਰੇ ਗੁਰਬਾਣੀ ਅਰਥ ਵੀਚਾਰੋ ਅਤੇ ਗਾਉ ਜੀ।

੧੫. ਅੱਖਰ ਉਚਾਰਨ ਅਸਥਾਨ:- ਗੁਰਮੁਖੀ ਸਿੱਖਣ ਸਿਖਾਉਣ, ਟਕਸਾਲ ਚਲਾਉਣ ਲਈ, ਪਰਮ ਸਤਿਕਾਰਯੋਗ ਟੀਚਰ ਜੀ, ਹੇਠਾਂ ਲਿਖੇ ਅੱਖਰਾਂ ਦੇ ਉਚਾਰਨ ਸਥਾਨ ਪੜ੍ਹ ਕੇ, ਪਿਆਰੇ ਬੱਚੇ ਨੂੰ ਉਚਾਰਨ ਸਥਾਨ ਦੱਸਣ, ਅਪਣੇ ਮਗਰ ਕਹਾਉਣ, ਬੱਚਾ ਟੀਚਰ ਦੇ ਮੂੰਹ ਵੱਲ ਦੇਖ ਕੇ ਬੋਲੇ।{ਅੰਗ੍ਰੇਜੀ ਪੜ੍ਹੇ ੜਾੜੇ ਨੂੰ ਰਾਰਾ ਬੋਲਦੇ ਹਨ, ਅਪਣੇ ਮਗਰ ੜ ੜਾ ੜਿ ੜੀ ੜੁ ੜੂ ੜੇ ੜੈ ੜੋ ੜੌ ੜੰ ੜਾਂ ਬਾਰ ਬਾਰ ਬੁਲਾਉ ਜੀ, ੜਾੜਾ ਪਕਾਉ} (ਜੇ ਕੋਈ ਪ੍ਰੇਮੀ, ਪੱਪੇ ਨੂੰ ਫੱਫਾ ਬੋਲੇ, ਤਾਂ ਉਸ ਨੂੰ ਪੱਪੇ ਦੀ ਮੁਹਾਰਨੀ ਅਪਣੇ ਮਗਰ ਬਾਰ ਬਾਰ ਬੁਲਾ ਕੇ, ਉਸ ਦੇ ਮੂੰਹ ’ਤੇ ਪੱਪਾ ਸ਼ੁੱਧ ਚੜ੍ਹਾਉ ਪਕਵਾਉ, ਸੁਣ ਕੇ ਸ਼ੁੱਧ ਕਰਾਉ। ਜਿਹੜਾ ਅੱਖਰ ਗ਼ਲਤ ਹੋਵੇ, ਉਸ ਦੀ ਮੁਹਾਰਨੀ ਬੱਚੇ ਨੂੰ, ਅਪਣੇ ਮਗਰ ਬੁਲਾ ਕੇ ਸ਼ੁੱਧ ਪਕਵਾਉ, ਙ ਞ ਣ ਨ ਦੀ ਮੁਹਾਰਨੀ ਅਪਣੇ ਮਗਰ ਬੁਲਾ ਕੇ ਸ਼ੁੱਧ ਅਵਾਜ਼ਾਂ ਪਕਾਉ। ਙ ਙੰਙਾ ਉਚਾਰਨ ਕੰਠ ਨੱਕ ਤੋਂ ਹੁੰਦਾ ਹੈ}


([੧]ੳ ਊੜਾ ਉਚਾਰਨ ਬੁੱਲ੍ਹਾਂ ਦੀ ਸਹਾਇਤਾ ਨਾਲ ਕਰੋ) {[੧]ੳ ਊੜਾ, ਗੁਰਮੁਖੀ ਲਿੱਪੀ ਦੀ ਵਰਨਮਾਲਾ ਦਾ ਪਹਿਲਾ ਅੱਖਰ ਸਵਰ ਭਾਵ ਕਿਸੇ ਅੱਖਰ ਦੀ ਸਹਾਇਤਾ ਬਿਨਾ ਬੋਲਦਾ ਹੈ। ਮੁਕਤਾ ਨਹੀਂ ਬੋਲਦਾ, ਔਂਕੜ ਦੁਲੈਂਕੜ ਹੋੜਾ ਤਿੰਨ ਲਗਾਂ ਲੱਗਦੀਆਂ ਹਨ। ਓ, ਊੜੇ ਦਾ ਮੂੰਹ ਖੁੱਲ੍ਹਾ ਹੋਵੇ ਤਾਂ ਹੋੜਾ ਬੋਲਦਾ ਹੈ। ਊੜੇ ਨੂੰ ਟਿੱਪੀ ਨਹੀਂ ਲੱਗਦੀ, ਬਿੰਦੀ ਲੱਗਦੀ ਹੈ} ([੨]ਅ ਐੜਾ ਉਚਾਰਨ ਕੰਠ ਦੁਆਰਾ ਕਰੋ) {[੨]ਅ ਐੜਾ ਸਵਰ ਭਾਵ ਕਿਸੇ ਅੱਖਰ ਦੀ ਸਹਾਇਤਾ ਬਿਨਾ ਬੋਲਦਾ ਹੈ, ਉਚਾਰਨ ਕੰਠ ਦੁਆਰਾ, ਮੁਕਤਾ ਾ ੈ ੌ ਚਾਰ ਲਗਾਂ ਲੱਗਦੀਆਂ ਹਨ। ਐੜੇ ਮੁਕਤੇ ਨੂੰ ਬਿੰਦੀ ਨਹੀਂ ਲੱਗਦੀ, ਟਿੱਪੀ ਅੱਧਕ ਲੱਗਦੇ ਹਨ} ([੩]ੲ ਈੜੀ ਉਚਾਰਨ ਤਾਲੂ ਤੋਂ ਕਰੋ) {[੩]ੲ ਈੜੀ, ਗੁਰਮੁਖੀ ਵਰਨਮਾਲਾ ਦਾ ਤੀਜਾ ਅੱਖਰ ਸਵਰ ਭਾਵ ਕਿਸੇ ਅੱਖਰ ਦੀ ਸਹਾਇਤਾ ਬਿਨਾ ਬੋਲਦਾ ਹੈ। ਉਚਾਰਨ ਤਾਲੂ ਤੋਂ ਹੈ, ਿ ੀ ੇ ਲਗਾਂ ਲੱਗਦੀਆਂ ਹਨ। ੲ ਮੁਕਤਾ ਨਹੀਂ ਹੁੰਦੀ। ੲ ਤੋਂ ਅੱਗੇ ੩੨ ਅੱਖਰਾਂ ਨੂੰ ਸਾਰੀਆਂ ਲਗਾਂ ਲੱਗਦੀਆਂ ਹਨ} ([੪]ਸ ਸੱਸਾ ਉਚਾਰਨ ਸਥਾਨ ਦੰਦ ਹਨ) ([੫]ਹ ਹਾਹਾ, [੬]ਕ ਕੱਕਾ, [੭]ਖ ਖੱਖਾ, [੮]ਗ ਗੱਗਾ, [੯]ਘ ਘੱਘਾ ਕੰਠੋਂ ਬੋਲੋ) ([੧੦]ਙ ਙੰਙਾ ਉਚਾਰਨ ਕੰਠ ਨੱਕ) ([੧੧]ਚ ਚੱਚਾ, [੧੨]ਛ ਛੱਛਾ, [੧੩]ਜ ਜੱਜਾ, [੧੪]ਝ ਝੱਜਾ ਤਾਲੂ ਤੋਂ ਬੋਲੋ) ([੧੫]ਞ ਞੰਞਾ ਤਾਲੂ ਨੱਕ ਤੋਂ ਬੋਲੋ) ([੧੬]ਟ ਟੈਂਕਾ, [੧੭]ਠ ਠੱਠਾ, [੧੮]ਡ ਡੱਡਾ, [੧੯]ਢ ਢੱਡਾ ਮੂੰਹ ਦੀ ਛੱਤ ਤੋਂ ਬੋਲੋ) ([੨੦]ਣ ਣਾਣਾ ਮੂੰਹ ਦੀ ਛੱਤ ਤੇ ਨਾਸਿਕਾਂ ਤੋਂ ਬੋਲੋ) ([੨੧]ਤ ਤੱਤਾ, [੨੨]ਥ ਥੱਥਾ ਉਚਾਰਨ ਦੰਦ ਹਨ) ([੨੩]ਦ ਦੱਦਾ ਜੀਭ ਦੀ ਨੋਕ, ਉੱਪਰਲੇ ਦੰਦਾਂ ਦੇ ਮੂਲ ਚ ਲਾ ਕੇ ਬੋਲੋ) ([੨੪]ਧ ਧੱਦਾ ਉਚਾਰਨ ਦੰਦ ਹਨ) ([੨੫]ਨ ਨੰਨਾ ਦੰਦਾਂ ਨੱਕ ਦੁਆਰਾ ਬੋਲੋ) ([੨੬]ਪ ਪੱਪਾ, [੨੭]ਫ ਫੱਫਾ, [੨੮]ਬ ਬੱਬਾ, [੨੯]ਭ ਭੱਬਾ ਬੁੱਲ੍ਹਾਂ 'ਤੇ ਬੋਲੋ) ([੩੦]ਮ ਮੰਮਾ ਉਚਾਰਨ ਬੁੱਲ, ਨਾਸਿਕਾਂ) ([੩੧]ਯ ਯਈਆ ਤਾਲੂ ਤੋਂ ਉਚਾਰੋ) ([੩੨]ਰ ਰਾਰਾ ਮੁਖੋਂ ਉਚਾਰੋ) ([੩੩]ਲ ਲੱਲਾ ਮੂੰਹ ਦੀ ਛੱਤ ਤੋਂ ਉਚਾਰੋ) ([੩੪]ਵ ਵਾਵਾ ਉਚਾਰਨ ਸਥਾਨ ਦੰਦ, ਬੁੱਲ੍ਹ ਹਨ) ([੩੫]ੜ ੜਾੜਾ ਉਚਾਰਨ ਸਥਾਨ ਮੂੰਹ ਦੀ ਛੱਤ}

੧੬. ਇੱਕ ੧ **1)** ਦੋ ੨. **2)** ਤਿੰਨ ੩. **3)** ਚਾਰ ੪. **4)** ਪੰਜ ੫. **5)** ਛੇ ੬. **6)** ਸੱਤ ੭. **7)** ਅੱਠ ੮. **8)** ਨੌਂ ੯. **9)** ਦਸ ੧੦. **10)** ਗਿਆਰਾਂ ੧੧. **11)** ਬਾਰਾਂ ੧੨. **12)** ਤੇਰਾਂ ੧੩. **13)** ਚੌਦਾਂ ੧੪. **14)** ਪੰਦਰਾਂ ੧੫. **15)** ਸੋਲ਼ਾਂ ੧੬. **16)** ਸਤਾਰਾਂ ੧੭. **17)** ਅਠਾਰਾਂ ੧੮. **18)** ਉੱਨੀ ੧੯. **19)** ਵੀਹ ੨੦. **20)** ਇੱਕੀ ੨੧. **21)** ਬਾਈ ੨੨. **22)** ਤੇਈ ੨੩. **23)** ਚੌਵੀ ੨੪. **24)** ਪੱਚੀ ੨੫.**25)** ਛੱਬੀ ੨੬. **26)** ਸਤਾਈ ੨੭. **27)** ਅਠਾਈ ੨੮. **28)** ਉਣੱਤੀ ੨੯. **29)** ਤੀਹ ੩੦. **30)**

ਇਕੱਤੀ ੩੧. 31) ਬੱਤੀ ੩੨. 32) ਤੇਤੀ ੩੩. 33) ਚੌਂਤੀ ੩੪. 34) ਪੈਂਤੀ ੩੫. 35) ਛੱਤੀ ੩੬. 36) ਸੈਂਤੀ ੩੭. 37) ਅਠੱਤੀ ੩੮. 38) ਉਨਤਾਲ਼ੀ ੩੯. 39) ਚਾਲ਼ੀ ੪੦. 40) ਇਕਤਾਲ਼ੀ ੪੧. 41) ਬਿਆਲ਼ੀ ੪੨. 42) ਤਰਤਾਲ਼ੀ ੪੩. 43) ਚੁਤਾਲ਼ੀ ੪੪. 44) ਪੰਤਾਲ਼ੀ ੪੫. 45) ਛਿਆਲ਼ੀ ੪੬. 46) ਸੰਤਾਲ਼ੀ ੪੭. 47) ਅਠਤਾਲ਼ੀ ੪੮. 48) ਉਣਿੰਜਾ ੪੯. 49) ਪੰਜਾਹ ੫੦. 50) ਇਕਵਿੰਜਾ ੫੧. 51) ਬਵਿੰਜਾ ੫੨. 52) ਤਰਵਿੰਜਾ ੫੩. 53) ਚੁਰਿੰਜਾ ੫੪. 54) ਪਚਵਿੰਜਾ ੫੫. 55) ਛਪਿੰਜਾ ੫੬. 56) ਸਤਵਿੰਜਾ ੫੭. 57) ਅਠਵਿੰਜਾ ੫੮. 58) ਉਣਾਹਠ ੫੯. 59) ਸੱਠ ੬੦. 60) ਇਕਾਹਠ ੬੧. 61) ਬਾਹਠ ੬੨. 62) ਤ੍ਰੇਹਠ ੬੩. 63) ਚੌਂਹਠ ੬੪. 64) ਪੈਂਹਠ ੬੫. 65) ਛਿਆਹਠ ੬੬. 66) ਸਤਾਹਠ ੬੭. 67) ਅਠਾਹਠ ੬੮. 68) ਉਣੱਤਰ ੬੯. 69) ਸੱਤਰ ੭੦. 70) ਇਕ੍ਹੱਤ੍ਰ ੭੧. 71) ਬਹੱਤ੍ਰ ੭੨. 72) ਤਿਹੱਤ੍ਰ ੭੩. 73) ਚੁਹੱਤ੍ਰ ੭੪. 74) ਪੰਝੱਤ੍ਰ ੭੫. 75) ਛਿਹੱਤ੍ਰ੭੬. 76) ਸਤੱਤ੍ਰ ੭੭. 77) ਅਠੱਤ੍ਰ ੭੮. 78) ਉਣਾਸੀ ੭੯. 79) ਅੱਸੀ ੮੦. 80) ਇਕਿਆਸੀ ੮੧. 81) ਬਿਆਸੀ ੮੨. 82) ਤ੍ਰਾਸੀ ੮੩. 83) ਚੌਰਾਸੀ ੮੪. 84) ਪੰਚਾਸੀ ੮੫. 85) ਛਿਆਸੀ ੮੬. 86) ਸਤਾਸੀ ੮੭. 87) ਅਠਾਸੀ ੮੮. 88) ਉਨਾਨਵੇਂ ੮੯. 89) ਨੱਬੇ ੯੦. 90) ਇਕਾਨਵੇਂ ੯੧. 91) ਬਾਨਵੇਂ ੯੨. 92) ਤ੍ਰਾਨਵੇਂ ੯੩. 93) ਚੁਰਾਨਵੇਂ ੯੪. 94) ਪਚਾਨਵੇਂ ੯੫. 95) ਛਿਆਨਵੇਂ ੯੬. 96) ਸਤਾਨਵੇਂ ੯੭. 97) ਅਠਾਨਵੇਂ ੯੮. 98) ਨੜਿੰਨਵੇਂ ੯੯. 99) ਸੌ ੧੦੦. 100

੧੭. ਛੇ ਰੁੱਤਾਂ:-ਬਸੰਤ:- ਚੇਤਰ, ਵਿਸਾਖ) ਗ੍ਰੀਖਮ ਗਰਮੀ:- ਜੇਠ, ਹਾੜ) ਪਾਵਸ ਬਰਸਾਤ:- ਸਾਵਣ, ਭਾਦ੍ਰੋਂ) ਸਰਦ:- ਅੱਸੂ, ਕੱਤਕ) ਹਿਮ:- ਮੱਘਰ, ਪੋਹ) ਸਿਸਰ ਪੱਤਝੜ:- ਮਾਘ, ਫੱਗਣ।

੧੮. ਦਸ (ਦਿਸ਼ਾਂ) ਤਰਫ਼ਾਂ:- ਪੂਰਬ ਪੱਛਮ ਉੱਤ੍ਰ ਦੱਖਣ। ਉੱਤ੍ਰ ਪੂਰਬ ਵਿਚਕਾਰ ਈਸ਼ਾਨ ਕੋਣ। ਪੂਰਬ ਦੱਖਣ ਵਿਚਕਾਰ ਅਗਨਿ ਕੋਣ। ਦੱਖਣ ਪੱਛਮ ਵਿਚਕਾਰ ਨੈਰਿਤਿ ਕੋਣ। ਪੱਛਮ ਉੱਤ੍ਰ ਵਿਚਕਾਰ ਵਾਯਵੀ ਕੋਣ, ਉਪਦਿਸ਼ਾਂ ਚਾਰ,ਦਿਸ਼ਾਂ ਚਾਰ ਅਤੇ ਜ਼ਮੀਨ ਅਸਮਾਨ ਸਮੇਤ ਦਸ ਦਿਸ਼ਾਂ ਹਨ। ਨਕਸ਼ਾ ਅੱਠ ਦਿਸ਼ਾਂ-




ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ! ਗੁਰਬਰ ਅਕਾਲ ਸਤ ਸ੍ਰੀ ਅਕਾਲ! ਦੇਗੋ ਤੇਗ ਫਤੇਹ।



ਪਰਮ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ



ਪਰਮ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਸੂਰਤ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਗੁਰਦਾਸ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਸੰਤ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਦਯਾ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਭਗਵਾਨ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਹਰਿਨਾਮ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਬਿਸ਼ਨ ਸਿੰਘ ਸਾਹਿਬ ਜੀ ਮੁਰਾਲਾ



ਸੰਤ ਬ੍ਰਹਮਗਿ: ਸੁੰਦਰ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ



ਸੰਤ ਬ੍ਰਹਮਗਿ: ਕਰਤਾਰ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਜਰਨੈਲ ਸਿੰਘ ਸਾਹਿਬ ਜੀ



ਸੰਤ ਬ੍ਰਹਮਗਿ: ਠਾਕੁਰੁ ਸਿੰਘ ਸਾਹਿਬ ਜੀ

ਅੱਜ ਕੱਲ੍ਹ ਸੰਤ ਗਿ: ਹਰਿਨਾਮ ਸਿੰਘ ਸਾਹਿਬ ਜੀ ਸ੍ਰੀ ਮਹਿਤਾ ਸਾਹਿਬ ਜੀ) ਸੰਤ ਗਿ: ਰਾਮ ਸਿੰਘ ਸਾਹਿਬ ਜੀ ਪਿੰਡ ਸੰਗਰਾਵਾਂ) ਸੰਤ ਗਿ: ਅਮਰੀਕ ਸਿੰਘ ਸਾਹਿਬ ਜੀ ਪਿੰਡ ਅਜਨਾਲਾ) ਹੋਰ ਅਨੇਕ ਗੁਣੀ ਗਿਆਨੀ ਪਰਉਪਕਾਰੀ ਕਥਾਕਾਰ ਕੀਰਤਨੀਏ, ਸਭ ਦੇ ਚਰਨ ਚੱਟ ਕੇ ਡੰਡਉਤ ਬੰਦਨਾ, ਨਮਸਕਾਰ।